# 27

# ਦੂਜਿਆਂ ਨਾਲ ਪਿਆਰ ਨਾਲ ਕਿਵੇਂ ਰਹੀਏ

## ਮੱਤੀ 7:1-12; ਆਇਤਾਂ 3-12 ਤੇ ਇਕ ਨੇੜ ਝਾਤ

ਪਿਛਲੇ ਸਰਮਨ ਵਿਚ, ਅਸੀਂ ਮੱਤੀ 7: 1–12 ਤੇ ਅਧਿਐਨ ਕੀਤਾ ਸੀ, ਜੋ ਸਿਖਾਉਂਦਾ ਹੈ (ਬਾਕੀ ਸਿਧਾਂਤਾਂ ਵਿੱਚੋਂ) ਕਿ ਦੂਜਿਆਂ ਨਾਲ ਪ੍ਰੇਮ ਨਾਲ ਕਿਵੇਂ ਰਹਿਣਾ ਹੈ। ਬਾਈਬਲ ਦੇ ਇਸ ਹਵਾਲੇ ਨਾਲ ਸਬੰਧਾਂ ਬਾਰੇ ਮੈਂ ਛੇ ਸੁਝਾਅ ਭਾਵ ਦੂਜਿਆਂ ਨਾਲ ਪ੍ਰੇਮਪੂਰਵਕ ਰਹਿਣ ਦੀਆਂ ਛੇ ਲੋੜਾਂ ਦੱਸਣ ਦਾ ਵਾਅਦਾ ਕੀਤਾ ਸੀ। ਪਹਿਲਾ ਸੁਝਾਅ 1 ਅਤੇ 2 ਆਇਤਾਂ ਤੇ ਅਧਾਰਿਤ ਸੀ: ‘‘ਦੋਸ਼ ਨਾ ਲਾਓ ਤਾਂ ਜੋ ਤੁਹਾਡੇ ਉੱਤੇ ਦੋਸ਼ ਲਾਇਆ ਨਾ ਜਾਵੇ। ਕਿਉਂਕਿ ਜਿਸ ਨਿਆਉਂ ਨਾਲ ਤੁਸੀਂ ਦੋਸ਼ ਲਾਉਂਦੇ ਹੋ ਉਸੇ ਨਾਲ ਤੁਹਾਡੇ ਉੱਤੇ ਵੀ ਦੋਸ਼ ਲਾਇਆ ਜਾਵੇਗਾ ਅਤੇ ਜਿਸ ਮਾਪ ਨਾਲ ਤੁਸੀਂ ਮਿਣਦੇ ਹੋ ਉਸੇ ਨਾਲ ਤੁਹਾਡੇ ਲਈ ਮਿਣਿਆ ਜਾਵੇਗਾ।’’ ਇਨ੍ਹਾਂ ਆਇਤਾਂ ਵਿਚ ਅਸੀਂ ਦੂਜਿਆਂ ਨਾਲ ਪਿਆਰ ਨਾਲ ਰਹਿਣ ਦੀ ਲੋੜ ਨੰਬਰ ਇਕ ਕੱਢੀ ਸੀ ਕਿ ‘‘ਅਸੀਂ ਦੋਸ਼ ਲਾਉਣ ਵਾਲੇ ਹੋਣਾ ਬੰਦ ਕਰ ਦਈਏ।’’ ਇਸ ਸਿਧਾਤ ਦੇ ਵਿਸ਼ੇ ਵਿਚ, ਮੈਂ ਸੁਝਾਅ ਪੇਸ਼ ਕੀਤਾ ਸੀ ਕਿ ਯਿਸੂ ਘੱਟੋ ਘੱਟ ਪੰਜ ਆਮ ਵਿਹਾਰਾਂ ਦੀ ਨਿੰਦਾ ਕਰ ਰਿਹਾ ਸੀ:

- ਆਪਣੇ ਨਿਆਂ ਜਾਂ ਫ਼ੈਸਲੇ ਨੂੰ ਆਪਣੇ ਪਿਛੋਕੜ, ਮੁਤਅੱਸਬ ਅਤੇ ਤਰਜੀਹ ਨਾਲ ਪ੍ਰਭਾਵਿਤ ਹੋਣ ਦੇਣਾ।
- ਬਗ਼ੈਰ ਸਾਰੇ ਤੱਥਾਂ ਦੇ ਜਾਂ ਸਭ ਹਾਲਾਤਾਂ ਨੂੰ ਜਾਣਿਆਂ, ਜਲਦਬਾਜੀ ’ਚ ਇਕ ਫ਼ੈਸਲਾ ਕਰਨਾ।
- ਕਿਸੇ ਦੂਜੇ ਦੇ ਉਦੇਸ਼ਾਂ ਲਈ ਨਿਆਂ ਕਰਨ ਦੀ ਕੋਸ਼ਿਸ਼ ਕਰਨੀ।
- ਬੇਹਤਰ ਸੋਚਣ ਦੀ ਬਜਾਇ ਲੋਕਾਂ ਵਾਂਗ ਬਦ ਤੋਂ ਬੱਦਤਰ ਬਨਾਵਟ ਤੇ ਅੱਗ ਤੇ ਘਿਓ ਪਾਉਣ ਦਾ ਕੰਮ ਕਰਨਾ।
- ਨਿਆਂ ਕਰਨ ਵਿਚ ਆਪਣੇ ਨਿਰਣੇ ਨੂੰ ਨਰਮਾਈ ਤੇ ਪ੍ਰੇਮ ਨਾਲ ਜੋੜਨ ਦੇ ਬਜਾਇ ਕਠੋਰ, ਰੁੱਖੇ ਅਤੇ ਕਪਟੀ ਹੋ ਕੇ ਨਿਆਂ ਕਰਨਾ।

ਇਹ ਅਜਿਹੀਆਂ ਕਮੀਆਂ ਹਨ, ਜਿਹੜੀਆਂ ਹਰ ਇਨਸਾਨ ਵਿਚ ਪਾਈਆਂ ਜਾਂਦੀਆਂ ਹਨ। ਤੁਸੀਂ ਅਜਿਹੇ ਆਦਮੀ ਨੂੰ ਜਾਣਦੇ ਹੋ, ਜਿਸ ਵਿਚ ਇਹ ਸਾਰੀਆਂ ਕਮੀਆਂ ਹਨ, ਜਾਂ ਨਹੀਂ ਜਾਣਦੇ?

ਇਸ ਸਵਾਲ ਲਈ ਮੈਨੂੰ ਮਾਫ਼ ਕਰੋ। ਇਹ ਇਕ ਚਲਾਕੀ ਭਰਿਆ ਸਵਾਲ ਸੀ। ਅਗਰ ਤੁਹਾਡੇ ਧਿਆਨ ਵਿਚ ਕੋਈ ਆ ਗਿਆ ਹੈ, ਤਾਂ ਤੁਸੀਂ ਉਸ ਆਦਮੀ ਨੂੰ ਦੋਸ਼ੀ ਠਹਿਰਾਇਆ ਹੋ ਸਕਦਾ ਹੈ। ਘੱਟੋ ਘੱਟ ਸ਼ਾਇਦ ਮੈਂ ਤੁਹਾਡੇ ਮੱਤੀ 7: 1, 2 ਦੀ ਵਰਤੋਂ ਆਪਣੇ ਲਈ ਨਾ ਕਰਕੇ ਦੂਜਿਆਂ ਲਈ ਕਰਨ ਦਾ ਦੋਸ਼ੀ ਠਹਿਰਾਇਆ ਹੈ। ਦੂਜਿਆਂ ਨਾਲ ਪਿਆਰ ਨਾਲ ਰਹਿਣ ਦੇ ਦੂਜੇ ਸਿਧਾਂਤ ਦੀ ਜਾਣਕਾਰੀ ਦੇਣ ਲਈ ਮੈਂ ਜਾਣ ਬੁੱਝ ਕੇ ਇਵੇਂ ਕੀਤਾ।

## ਦੂਜਿਆਂ ਨਾਲ ਪਿਆਰ ਨਾਲ ਰਹਿਣ ਦੀ ਲੋੜ #2:

## ਪਹਿਲਾਂ ਸਾਨੂੰ ਆਪਣੀ ਜ਼ਿੰਦਗੀ ਵਿਚ ਤਬਦੀਲੀ ਲਿਆਉਣ ਦੀ ਲੋੜ ਹੈ (ਆਇਤ 3-5)।

ਬਾਅਦ ਲਈ ਸਾਨੂੰ ਸਪੱਸ਼ਟ ਤੌਰ ਤੇ ਆਪਣੇ ਬਜਾਇ ਦੂਜਿਆਂ ਵੱਲ ਝਾਕਣਾ ਚੰਗਾ ਲਗਦਾ ਹੈ। ਯਿਸੂ ਇਸ ਗੱਲ ਨੂੰ ਸਮਝਦਾ ਸੀ। ਉਸ ਨੇ ਆਖਿਆ:

> ਅਤੇ ਤੂੰ ਉਸ ਕੱਖ[1] ਨੂੰ ਜਿਹੜਾ ਤੇਰੇ ਭਾਈ ਦੀ ਅੱਖ ਵਿਚ ਹੈ ਕਿਉਂ ਵੇਖਦਾ ਹੈਂ ਪਰ ਉਸ ਸ਼ਤੀਰ[2] ਦੀ ਵੱਲ ਜੋ ਤੇਰੀ ਆਪਣੀ ਅੱਖ ਵਿਚ ਹੈ ਧਿਆਨ ਨਹੀਂ ਕਰਦਾ? ਅਥਵਾ ਕਿੱਕੁਰ ਤੂੰ ਆਪਣੇ ਭਾਈ ਨੂੰ ਆਖੇਂਗਾ, ਲਿਆ ਤੇਰੀ ਅੱਖ ਵਿੱਚੋਂ ਕੱਖ ਕੱਢ ਸੁੱਟਾਂ ਅਤੇ ਵੇਖ ਤੇਰੀ ਆਪਣੀ ਅੱਖ ਵਿਚ ਸ਼ਤੀਰ ਹੈ! ਹੇ ਕਪਟੀ ਪਹਿਲਾਂ ਉਸ ਸ਼ਤੀਰ ਨੂੰ ਆਪਣੀ ਅੱਖੋਂ ਕੱਢ ਤਾਂ ਚੰਗੀ ਤਰ੍ਹਾਂ ਵੇਖ ਕੇ ਤੂੰ ਉਸ ਕੱਖ ਨੂੰ ਆਪਣੇ ਭਾਈ ਦੀ ਅੱਖੋਂ ਕੱਢ ਸੱਕੇਂਗਾ (ਮੱਤੀ 7:3–5)।

ਇਸ ਆਇਤ ਵਿਚ ਥੋੜ੍ਹਾ ਜਿਹਾ ਹਾਸਾ ਹੈ। ਯਿਸੂ ਚੁਟਕਲੇ ਨਹੀਂ ਸੁਣਾਉਂਦਾ ਸੀ, ਪਰ ਉਹ ਹਸਾਉਂਦਾ ਜ਼ਰੂਰ ਸੀ;[3] ਕਿਸੇ ਦੂਜੇ ਦੀ ਅੱਖ ਦਾ ਕੱਖ ਵੇਖਣ ਲਈ ਆਪਣੀ ਅੱਖ ਵਿੱਚੋਂ ਵੱਡਾ ਸਾਰਾ ਸ਼ਤੀਰ ਅੱਗੇ ਕਰਦਿਆਂ ਆਪਣੇ ਆਪ ਨੂੰ ਸੰਭਾਲਣ ਦੀ ਕੋਸ਼ਿਸ਼ ਕਰਦੇ ਬੰਦੇ ਦੀ ਕਲਪਨਾ ਕਰੋ। ਕੀ ਤੁਹਾਨੂੰ ਉਹ ਸ਼ਤੀਰ ਐਧਰ ਓਪਰ ਘੁੰਮਦਾ ਕਦੇ ਵਿਖਾਈ ਨਹੀਂ ਦਿੰਦਾ ਹੈ, ਜਿਸ ਕਰਕੇ ਆਲੇ ਦੁਆਲੇ ਖਲੋਤੇ ਲੋਕ ਉਸ ਦੇ ਸਿਰ ਤੇ ਮਾਰਨ ਲਈ ਪੰਛੀਆਂ ਨੂੰ ਉਡਾਉਂਦੇ ਹਨ?[4] ਯਿਸੂ ਸਾਨੂੰ ਸਮਝਾਉਣਾ ਚਾਹੁੰਦਾ ਹੋਵੇਗਾ ਕਿ ਜਦੋਂ ਉਹ ਉਨ੍ਹਾਂ ਨਾਲੋਂ ਬੁਰੀ ਹਾਲਤ ਵਿਚ ਹਨ ਜਿਨ੍ਹਾਂ ਦਾ ਅਸੀਂ ਨਿਆਂ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ ਤਾਂ ਇਹ ਹਾਸੋਹੀਣਾ ਹੈ।[5]

ਮਸੀਹ ਗ੍ਰੰਥੀਆਂ ਅਤੇ ਫ਼ਰੀਸੀਆਂ ਦੇ ਕਪਟ ਤੇ ਵੀ ਵਿਚਾਰ ਕਰ ਰਿਹਾ ਹੋਵੇਗਾ, ਪਰ ਇਸ ਆਇਤ ਦੀਆਂ ਸੱਚਾਈਆਂ ਸਾਨੂੰ ਵੀ ਦੋਸ਼ੀ ਠਹਿਰਾਉਂਦੀਆਂ ਹਨ। ਆਪਣੇ ਵੱਲ ਧਿਆਨ ਨਾ ਦੇ ਕੇ ਦੂਜਿਆਂ ਦੀਆਂ ਕਮੀਆਂ ਵੇਖਣਾ ਕਿੱਡਾ ਸੌਖਾ ਹੁੰਦਾ ਹੈ! ਤੁਹਾਨੂੰ ਰਾਜਾ ਦਾਊਦ ਦੀ ਕਹਾਣੀ ਯਾਦ ਹੈ, ਜਿਸ ਨੇ ਬਤਸ਼ੇਬਾ ਨਾਲ ਕੁਕਰਮ ਕੀਤਾ ਸੀ ਅਤੇ ਉਸ ਦੇ ਪਤੀ ਨੂੰ ਮਰਵਾ ਸੁੱਟਿਆ ਸੀ (2 ਸਮੂਏਲ 11)? ਨਾਥਾਨ ਨੇ ਦਾਊਦ ਨੂੰ ਇਕ ਅਮੀਰ ਆਦਮੀ ਦੀ ਕਹਾਣੀ ਸੁਣਾਈ ਸੀ, ਜਿਸ ਨੇ ਕਿਸੇ ਗਰੀਬ ਦੇ ਛੇਲੇ ਨੂੰ ਮਾਰ ਸੁੱਟਿਆ ਸੀ। ਦਾਊਦ ਉਸ ਦੋਸ਼ੀ ਨੂੰ ''ਫ਼ਾਂਸੀ'' ਦੇਣ ਨੂੰ ਤਿਆਰ ਸੀ,[6] ਅਤੇ ਨਾਥਾਨ ਨੇ ਉਸ ਨੂੰ ਦੱਸਿਆ ਕਿ ''ਤੂੰ ਹੀ ਉਹ ਆਦਮੀ ਹੈਂ'' (2 ਸਮੂਏਲ 12:1–7)। ਤਦ ਫ਼ਾਂਸੀ ਚੜ੍ਹਾਉਣ ਦੀ ਬਜਾਇ, ਦਾਊਦ ਇਕ ਪ੍ਰਾਰਥਨਾ ਸਭਾ ਲਈ ਤਿਆਰ ਹੋ ਗਿਆ (2 ਸਮੂਏਲ 12:13; ਜ਼ਬੂਰ 51; 32)।

ਦੂਜਿਆਂ ਨਾਲ ਪਿਆਰ ਨਾਲ ਰਹਿਣ ਦੇ ਮਾਮਲੇ ਵਿਚ, ਯਿਸੂ ਸਾਡੇ ਤੋਂ ਪਹਿਲਾਂ ਇਹ ਵੇਖਣ ਲਈ ਕਿ ਸਾਨੂੰ ਕਿਸ ਤਬਦੀਲੀ ਦੀ ਲੋੜ ਹੈ, ਆਪਣੇ ਆਪ ਨੂੰ ਜਾਂਚਣ ਨੂੰ ਆਖਦਾ ਹੈ।

ਸੰਯੋਗ ਨਾਲ, ਆਇਤ 3 ਦੇ ਪਹਿਲੇ ਹਿੱਸੇ ਵਿਚ ਮਸੀਹ ਦੁਆਰਾ ਨਿੰਦਿਤ ਦੋਸ਼ ਲਾਉਣ ਦੀਆਂ ਗੱਲਾਂ ਦੀ ਸੂਚੀ ਵਿਚ ਇਕ ਹੋਰ ਗੱਲ ਜੋੜੀ ਜਾ ਸਕਦੀ ਹੈ। ''ਵੇਖਣਾ''[7] ਦੇ ਲਈ ਯੂਨਾਨੀ ਸ਼ਬਦ ਦਾ ਅਰਥ ''ਪਰਖਣਾ, ਬਰੀਕੀ ਨਾਲ ਜਾਂਚਣਾ'' ਹੈ।[8] ਕੱਖ ਨੂੰ ਵੇਖਣਾ ਅਸਾਨ ਨਹੀਂ ਹੁੰਦਾ। ਜਦੋਂ

ਕੋਈ ਤੁਹਾਨੂੰ ਕਹੇ ਕਿ ''ਮੇਰੀ ਅੱਖ ਵਿਚ ਕੱਖ ਹੈ,'' ਤਾਂ ਤੁਸੀਂ ਉਸ ਨੂੰ ਉਦੋਂ ਤਕ ਨਹੀਂ ਵੇਖਦੇ, ਜਦੋਂ ਤਕ ਕਾਫ਼ੀ ਰੌਸ਼ਨੀ ਨਾ ਹੋਵੇ ਅਤੇ ਤੁਸੀਂ ਉਸ ਦੇ ਬਹੁਤ, ਬਹੁਤ ਨੇੜੇ ਨਾ ਹੋਵੋ। ਬੁਰੇ ਫ਼ੈਸਲੇ ਲੈਣ ਦੀਆਂ ਆਦਤਾਂ ਵਿਚ ਬਹੁਤ ਜ਼ਿਆਦਾ ਪਾਇਆ ਜਾਣ ਵਾਲਾ ਗੁਣ ਜੋੜਿਆ ਜਾ ਸਕਦਾ ਹੈ:

- ਲੋਕਾਂ ਦੀ ਭਲਿਆਈ ਦੀ ਥਾਂ ਬੁਰਿਆਈ ਨੂੰ ਵੇਖਣਾ; ਕਿਸੇ ਦੀ ਅਲੋਚਨਾ ਲਈ ਉਸ ਵਿਚ ਕਮੀਆਂ ਲੱਭਣ ਦੀ ਕੋਸ਼ਿਸ਼ ਕਰਨ ਵਾਲੇ ਦੀ ਖੱਲ ਲਾਹੁਣ ਵਾਲੀ ਗੱਲ ਹੈ।

ਯਿਸੂ ਨਾਲ ਗ੍ਰੰਥੀ ਅਤੇ ਫ਼ਰੀਸੀ ਅਜਿਹਾ ਹੀ ਵਿਹਾਰ ਕਰਦੇ ਸਨ।

ਬਹੁਤ ਸਾਰੇ ਟੀਕਾਕਾਰਾਂ ਅਤੇ ਕੁਝ ਅਨੁਵਾਦਕਾਂ ਦਾ ਮੰਨਣਾ ਹੈ ਕਿ ਮਸੀਹ ਨੇ ''ਕੱਖ'' ਅਤੇ ''ਸ਼ਤੀਰ'' ਦਾ ਰੂਪਕ ਵਰਤਿਆ, ਕਿਉਂਕਿ ਇਹ ਚੀਜ਼ਾਂ ਇੱਕੋ ਹੀ ਸਮੱਗਰੀ ਤੋਂ ਬਣਦੀਆਂ ਹਨ। ਇਕ ਤਾਂ ਬਹੁਤ ਛੋਟਾ ਹੈ ਅਤੇ ਦੂਜਾ ਬਹੁਤ ਵੱਡਾ, ਪਰ ਦੋਵੇਂ ਲੱਕੜੀ ਦੇ ਹੀ ਬਣਦੇ ਹਨ।

ਸ਼ਤੀਰ ਅਤੇ ਕੱਖ ਦੇ ਇੱਕੋ ਹੀ ਚੀਜ਼ ਤੋਂ ਬਣੇ ਹੋਣ ਦੀ ਸੰਭਾਵਨਾ ਤੋਂ ਕੁਝ ਦਿਲਚਸਪ ਵਿਚਾਰ ਪੈਦਾ ਹੁੰਦਾ ਹੈ। ਇਹ ਮਨੁੱਖੀ ਸੁਭਾਅ ਦੀ ਸੱਚਾਈ ਹੈ ਕਿ ਅਸੀਂ ਅਕਸਰ ਆਪਣੀ ਜ਼ਿੰਦਗੀ ਵਿਚ ਪਾਈਆਂ ਜਾਣ ਵਾਲੀਆਂ ਕਮੀਆਂ ਦੇ ਬਜਾਇ ਦੂਜਿਆਂ ਦੀਆਂ ਕਮੀਆਂ ਵੱਲ ਜ਼ਿਆਦਾ ਧਿਆਨ ਦਿੰਦੇ ਹਾਂ, ਮਨੋਵਿਗਿਆਨਕ ਇਸ ਨੂੰ ''ਪ੍ਰਤੀਬਿੰਬ'' ਭਾਵ ਜੋ ਅਸੀਂ ਆਪਣੀ ਜ਼ਿੰਦਗੀ ਵਿਚ ਵੇਖਦੇ ਹਾਂ, ਉਸ ਨੂੰ ਦੂਜਿਆਂ ਦੀ ਜ਼ਿੰਦਗੀ ਵਿਚ ਵਿਖਾਉਣਾ ਚਾਹੁੰਦੇ ਹਾਂ, ਕਹਿੰਦੇ ਹਨ (ਭਾਵ, ਅਸੀਂ ਇਹ ਮੰਨ ਲੈਂਦੇ ਹਾਂ ਕਿ ਬਾਕੀ ਸਭ ਸਾਡੇ ਵਰਗੇ ਹੀ ਹਨ।) ਇਸ ਦੇ ਇਲਾਵਾ, ਇਹ ਇਕ ਤੱਥ ਹੈ ਕਿ ਸਾਡੇ ਪਾਪ ਉਨ੍ਹਾਂ ਗੱਲਾਂ ਦੇ ਆਪਣੀ ਜ਼ਿੰਦਗੀ ਵਿਚ ਪਾਏ ਜਾਣ ਤੇ ਬਟਰੈਂਡ ਰੱਸਲ ਨੇ ਇਸ ਨੂੰ ਇਵੇਂ ਸਮਝਾਇਆ, ਜਿਵੇਂ ਅਸੀਂ ਹਾਲਾਤ ਨੂੰ ਵੇਖਦੇ ਹਾਂ: ''ਮੈਂ ਮਜ਼ਬੂਤ ਹਾਂ; ਤੁਸੀਂ ਜ਼ਿੱਦੀ ਹੋ; ਉਹ ਢੀਠ ਹੈ। ਮੈਂ ਫੇਰ ਵਿਚਾਰ ਕੀਤਾ ਹੈ; ਤੁਸੀਂ ਆਪਣੀ ਗੱਲ ਤੋਂ ਮੁੱਕਰ ਗਏ ਹੋ; ਉਹ ਥੁੱਕ ਕੇ ਚੱਟ ਗਿਆ ਹੈ।'' ਜੇ ਤੁਹਾਨੂੰ ਬਾਈਬਲ ਵਿੱਚੋਂ ਉਦਾਹਰਨ ਚਾਹੀਦੀ ਹੈ, ਤਾਂ ਯਹੂਦਾ ਅਤੇ ਉਸ ਦੀ ਨੂੰਹ ਤਾਮਾਰ ਦੀ ਕਹਾਣੀ ਤੇ ਧਿਆਨ ਕਰੋ। ਜਦੋਂ ਯਹੂਦਾ ਨੂੰ ਦੱਸਿਆ ਗਿਆ ਕਿ ਤਾਮਾਰ ''ਜਨਾਹ'' ਕਰਕੇ ''ਗਰਭਵਤੀ'' ਹੋ ਗਈ ਹੈ, ਤਾਂ ਉਹ ਉਸ ਨੂੰ ਮਾਰਨ ਤੇ ਆ ਗਿਆ ਸੀ (ਉਤਪਤ 38:24); ਪਰ ਜਦ ਤਾਮਾਰ ਨੇ ਇਹ ਸਾਬਤ ਕੀਤਾ ਕਿ ਬੱਚਾ ਉਸੇ ਦਾ ਹੈ, ਤਾਂ ਮੌਤ ਦੀ ਸਜ਼ਾ ਦਾ ਵਿਸ਼ਾ ਤੁਰੰਤ ਗਾਇਬ ਹੋ ਗਿਆ (ਉਤਪਤ 38:25, 26)।

ਮਸੀਹ ਨੇ ਲੱਕੜੀ ਤੋਂ ਬਣੀਆਂ ਦੋ ਚੀਜ਼ਾਂ ਦੀ ਮਿਸਾਲ ਜਾਣ ਬੁੱਝ ਕੇ ਦਿੱਤੀ, ਫਿਰ ਸਾਨੂੰ ਸ਼ਤੀਰ ਜਿੱਨੇ ਪਾਪੀ ਦੇ ਕੱਖ ਜਿੰਨੇ ਪਾਪੀ ਨੂੰ ਆਪਣੇ ਤੋਂ ਚੰਗਾ ਜਾਨਣ ਦੀ ਬੇਤੁਕੀ ਗੱਲ ਮਿਲਦੀ ਹੈ। ਰੋਮੀਆਂ 2:1–3 ਵਿਚ ਪੌਲੁਸ ਨੇ ਅਜਿਹੀ ਬੇਮੇਲ ਗੱਲ ਬਾਰੇ ਲਿਖਿਆ ਹੈ:

> ਸੋ ਹੇ ਮਨੁੱਖ, ਤੂੰ ਭਾਵੇਂ ਕੋਈ ਹੋਵੇਂ ਜੋ ਦੋਸ਼ ਲਾਉਂਦਾ ਹੈਂ ਤੇਰੇ ਲਈ ਕੋਈ ਉਜ਼ਰ ਨਹੀਂ ਕਿਉਂਕਿ ਜਿਹੜੀ ਗੱਲ ਵਿਚ ਤੂੰ ਦੂਏ ਉੱਤੇ ਦੋਸ਼ ਲਾਉਂਦਾ ਹੈਂ ਓਸੇ ਵਿਚ ਆਪਣੇ ਆਪ ਨੂੰ ਦੋਸ਼ੀ ਠਹਿਰਾਉਂਦਾ ਹੈਂ ਇਸ ਲਈ ਕਿ ਤੂੰ ਜਿਹੜਾ ਦੋਸ਼ ਲਾਉਂਦਾ ਹੈ ਆਪ ਓਹੋ ਕੰਮ ਕਰਦਾ ਹੈਂ। ਅਸੀਂ ਜਾਣਦੇ ਹਾਂ ਭਈ ਏਹੋ ਜਿਹੇ ਕੰਮ ਕਰਨ ਵਾਲਿਆਂ ਉੱਤੇ ਪਰਮੇਸ਼ੁਰ ਦਾ ਦੰਡ ਜਥਾਰਥ ਹੈ। ਫੇਰ ਹੇ ਮਨੁੱਖ, ਤੂੰ ਜੋ ਇਹੋ ਜਿਹੇ ਕੰਮ ਵਾਲਿਆਂ ਉੱਤੇ ਦੋਸ਼ ਲਾਉਂਦਾ ਅਤੇ ਆਪ ਓਹੋ ਕੰਮ ਕਰਦਾ ਹੈਂ ਭਲਾ, ਤੂੰ ਇਹ ਸਮਝਦਾ ਹੈਂ ਭਈ ਪਰਮੇਸ਼ੁਰ ਦੇ ਦੰਡ ਤੋਂ ਬਚ ਨਿੱਕਲੇਂਗਾ?

ਯਿਸੂ ਨੇ ਅਜਿਹੇ ਕੰਮ ਕਰਨ ਵਾਲਿਆਂ ਨੂੰ ਕਿਵੇਂ ਵੱਖ ਕੀਤਾ? ਯਿਸੂ ਨੇ ਕਿਸੇ ਸ਼ਬਦ ਨੂੰ ਨਹੀਂ ਕੱਟਿਆ; ਮੱਤੀ 7:5 ਦੇ ਪਹਿਲੇ ਹਿੱਸੇ ਵਿਚ, ਉਸ ਨੇ ਆਖਿਆ, ''ਹੇ ਕਪਟੀ''! ਕਪਟੀ ਹੋਣਾ ਸਾਨੂੰ

ਕਪਟੀ ਬਣਾ ਦਿੰਦਾ ਹੈ। ਅਗਰ ਅਸੀਂ ਦੂਜਿਆਂ ਦੀ ਅਲੋਚਨਾ ਕਰਦੇ ਹਾਂ ਤਾਂ ਉਹ ਇਹ ਸੰਕੇਤ ਦੇ ਰਹੇ ਹਨ ਕਿ ਅਸੀਂ ਪਾਕ ਸਾਫ਼ ਹਾਂ, ਸਾਡੀ ਜ਼ਿੰਦਗੀ ਵਿਚ ਕੋਈ ਖੋਟ ਨਹੀਂ ਹੈ– ਨਹੀਂ ਤਾਂ ਅਸੀਂ ਕਿਸੇ ਦਾ ਨਿਆਂ ਕਿਵੇਂ ਕਰ ਸਕਦੇ ਹਾਂ, ਜਦਕਿ ਸਾਡੀਆਂ ਆਪਣੀਆਂ ਅੱਖਾਂ ਸਾਹਮਣੇ ਟੈਲੀਫ਼ੋਨ ਦੇ ਕਈ ਵੱਡੇ ਵੱਡੇ ਖੰਭੇ[9] ਲੱਗੇ ਹੁੰਦੇ ਹਨ।

ਫੇਰ ਅਸੀਂ ਆਖਦੇ ਹਾਂ ਕਿ ਨਿਆਂ ਦੇ ਵਿਸ਼ੇ ਵਿਚ ਸਾਨੂੰ ਆਪਣੇ ਆਪ ਤੋਂ ਸ਼ੁਰੂਆਤ ਕਰਨੀ ਚਾਹੀਦੀ ਹੈ। ਯਿਸੂ ਨੇ ਆਖਿਆ, ''ਪਹਿਲਾਂ ਆਪਣੀ ਅੱਖ ਵਿੱਚੋਂ ਸ਼ਤੀਰ ਕੱਢ ਲੈ।'' ਦੂਜਿਆਂ ਦੇ ਪਾਪਾਂ ਨੂੰ ਮੰਨ ਲੈਣਾ ਸੌਖਾ ਹੁੰਦਾ ਹੈ; ਪਰ ਆਪਣੇ ਪਾਪਾਂ ਨੂੰ ਮੰਨਣਾ ਮੁਸ਼ਕਿਲ। ਪੌਲੁਸ ਨੇ ਆਪਣੀ ਜਾਂਚ ਕਈ ਸੰਦਰਭਾਂ ਵਿਚ ਕਰਨ ਦੀ ਗੱਲ ਕੀਤੀ: ''ਆਪਣਾ ਪਰਤਾਵਾ ਕਰੋ ...; ਆਪਣੇ ਆਪ ਨੂੰ ਪਰਖੋ'' (2 ਕੁਰਿੰਥੀਆਂ 13:5); ''ਆਪਣੇ ਆਪ ਨੂੰ ਪਰਖੋ ...; ਜੇ ਅਸੀਂ ਆਪਣੇ ਆਪ ਨੂੰ ਜਾਚਦੇ, ਤਾਂ ਜਾਚੇ ਨਾ ਜਾਂਦੇ'' (1 ਕੁਰਿੰਥੀਆਂ 11:28, 31)। ਇਸ ਸੰਦਰਭ ਵਿਚ ਰੋਮੀਆਂ 14:13 ਖ਼ਾਸ ਤੌਰ ਤੇ ਲਾਗੂ ਹੁੰਦਾ ਹੈ, ਫ਼ਿਲਿੱਪ ਦੇ ਅਨੁਵਾਦ ਵਿਚ ਇਸ ਆਇਤ ਨੂੰ ਲਿਖਿਆ ਗਿਆ ਹੈ, ''ਇਸ ਲਈ ਇਕ ਦੂਜੇ ਨੂੰ ਘੂਰਨਾ ਬੰਦ ਕਰ ਦੇਣ। ਅਲੋਚਨਾ ਕਰਨੀ ਹੀ ਹੈ ਤਾਂ ਅਸੀਂ ਆਪਣੇ ਹੀ ਵਿਹਾਰ ਦੀ ਅਲੋਚਨਾ ਕਰੀਏ ਅਤੇ ਵੇਖੀਏ ਕਿ ਅਸੀਂ ਕਿਸੇ ਭਾਈ ਨੂੰ ਠੋਕਰ ਲਾਉਣ ਜਾਂ ਡੇਗਣ ਦਾ ਕਾਰਣ ਤਾਂ ਨਹੀਂ ਬਣਦੇ''[10]

ਕਿਹੜਾ ਪਾਪ/ਸ਼ਤੀਰ ਹਟਾਇਆ ਜਾਣਾ ਜ਼ਰੂਰੀ ਹੈ। ਹਰ ਇਕ ਪਾਪ ਹਟਾਇਆ ਜਾਣਾ ਜ਼ਰੂਰੀ ਹੈ ... ਪਰ ਇਸ ਸੰਦਰਭ ਵਿਚ ਅਸੀਂ ਖ਼ਾਸ ਤੌਰ ਤੇ ਦੋਸ਼ ਲਾਉਣ ਵਾਲੇ ਪਾਪ ਦੀ ਗੱਲ ਕਰ ਰਹੇ ਹਾਂ।

ਆਪਣੇ ਆਪ ਨੂੰ ਜਾਂਚਣ ਦੇ ਮਾਮਲੇ ਵਿਚ, ਕੁਝ ਸਹਿਜ ਬੁੱਧੀ ਲੋੜੀਂਦੀ ਹੈ। ਅਸੀਂ ਨਿੱਜੀ ਕਮੀਆਂ ਅਤੇ ਨਾਕਾਮੀਆਂ ਨਾਲ ਬੀਮਾਰ ਮਾਨਸਿਕਤਾ ਦੀ ਗੱਲ ਨਹੀਂ ਕਰ ਰਹੇ ਹਾਂ, ਜਿਸ ਨੂੰ ਕੁਝ ਲੋਕ ''ਬਣੀ ਰਹਿਣ ਵਾਲੀ ਆਟੋਪਸੀ'' ਆਖਦੇ ਹਨ। ਤਾਂ ਵੀ ਜੇ ਸਾਨੂੰ ਦੂਜਿਆਂ ਦੇ ਨਾਲ ਪ੍ਰੇਮ ਨਾਲ ਰਹਿਣਾ ਹੋਵੇ ਤਾਂ ਸਾਡੀ ਪਹਿਲੀ ਦਿਲਚਸਪੀ ਆਪਣੀ ਹੀ ਜ਼ਿੰਦਗੀ ਵਿਚ ਬਦਲਾਅ ਲਿਆਉਣ ਦੀ ਹੋਣੀ ਚਾਹੀਦੀ ਹੈ। ਜੇ ਅਸੀਂ ਆਪਣੇ ਤੋਂ ਸ਼ੁਰੂ ਕਰਦੇ ਹਾਂ ਤਾਂ ਦੂਜਿਆਂ ਤੇ ਦੋਸ਼ ਲਾਉਣ ਦੀ ਘੱਟ ਲੋੜ ਪਵੇਗੀ।

ਹੁਣ ਅਸੀਂ 3–5 ਆਇਤਾਂ ਵਿਚ ਅੱਗੇ ਵਧਦੇ ਹਾਂ, ਕਿਉਂਕਿ ਅਸੀਂ ਇਨ੍ਹਾਂ ਆਇਤਾਂ ਵਿਚ ਮੁੱਖ ਜ਼ੋਰ ਤੇ ਪਹਿਲਾਂ ਵਿਚਾਰ ਕਰ ਲਿਆ ਹੈ... ਪਰ ਇਸ ਭਾਗ ਦੇ ਅੰਤ ਵਿਚ ਮੈਂ ਇਕ ਹੋਰ ਖੂਬਸੂਰਤ ਸੱਚਾਈ ਤੇ ਜ਼ੋਰ ਦੇਣਾ ਚਾਹੁੰਦਾ ਹਾਂ।

## ਦੂਜਿਆਂ ਨਾਲ ਪਿਆਰ ਨਾਲ ਰਹਿਣ ਦੀ ਲੋੜ #3:

## ਸਾਨੂੰ ਨਿਮਰਤਾ ਅਤੇ ਸੰਵੇਦਨਸ਼ੀਲਤਾ ਨਾਲ ਦੂਜਿਆਂ ਦੀ ਮਦਦ ਕਰਨੀ ਚਾਹੀਦੀ ਹੈ (ਆਇਤ 5)।

ਜੇ ਤੁਸੀਂ ਸਚਮੁਚ ਕਿਸੇ ਨੂੰ ਪ੍ਰੇਮ ਕਰਦੇ ਹੋ ਅਤੇ ਉਹਦੀ ਜ਼ਿੰਦਗੀ ਵਿਚ ਪਾਪ ਵੇਖਦੇ ਹੋ, ਤਾਂ ਅਸੀਂ ਉਸ ਪਾਪ ਨੂੰ ਕੱਢਣ ਲਈ ਇਸ ਦੀ ਮਦਦ ਕਰਨ ਦੀ ਕੋਸ਼ਿਸ਼ ਕਰਾਂਗੇ।[11] ਇਹ ਗੱਲ ਆਇਤ 5 ਦੇ ਅਖ਼ੀਰਲੇ ਭਾਗ ਵਿਚ ਸਪੱਸ਼ਟ ਹੈ, ਜਿਸ ਵਿਚ ਹਰੇਕ ਨੂੰ ਪਹਿਲਾਂ ਆਪਣੀ ਅੱਖ ਦਾ ਸ਼ਤੀਰ ਕੱਢਣ ਦਾ ਹੁਕਮ ਦੇਣ ਦੇ ਬਾਅਦ ਯਿਸੂ ਨੂੰ ਆਖਿਆ, ''ਤਾਂ ਚੰਗੀ ਤਰ੍ਹਾਂ ਵੇਖ ਕੇ ਤੂੰ ਉਸ ਕੱਖ ਨੂੰ ਆਪਣੇ

ਭਾਈ ਦੀ ਅੱਖ ਵਿੱਚੋਂ ਕੱਢ ਸਕੇਂਗਾ।'' ਯਿਸੂ ਨੇ ਆਖਿਆ ਕਿ ਸਾਡੀ ਤਰਜੀਹ ਪਹਿਲਾਂ ਆਪਣੇ ਪਾਪਾਂ ਨੂੰ ਛੱਡਣ ਵਿਚ ਹੋਣੀ ਚਾਹੀਦੀ ਹੈ, ਪਰ ਉਸ ਨੇ ਆਪਣੀ ਜ਼ਿੰਦਗੀ ਦੇ ਠੀਕ ਹੋਣ ਦੇ ਬਾਅਦ ਕਿਸੇ ਭਾਈ ਦੇ ਪਾਪ ਨੂੰ ਦੂਰ ਕਰਨ ਵਿਚ ਮਦਦ ਲਈ ਹੌਸਲਾ ਨਹੀਂ ਡੇਗਿਆ।[12]

ਕਿਸੇ ਭਾਈ ਦੀ ਉਹਦੇ ਮਨ ਅਤੇ ਜ਼ਿੰਦਗੀ ਵਿੱਚੋਂ ਪਾਪ ਕੱਢਣ ਵਿਚ ਮਦਦ ਦੀ ਲੋੜ ਬਾਰੇ ਸਿੱਖਿਆ ਕਈ ਆਇਤਾਂ ਵਿਚ ਹੈ:

> ਹੇ ਭਰਾਵੋ, ਜੇ ਕੋਈ ਮਨੁੱਖ ਕਿਸੇ ਅਪਰਾਧ ਵਿਚ ਫੜਿਆ ਵੀ ਜਾਵੇ ਤਾਂ ਤੁਸੀਂ ਜਿਹੜੇ ਆਤਮਕ ਹੋ ਅਜਿਹੇ ਮਨੁੱਖ ਨੂੰ ਨਰਮਾਈ ਦੇ ਸੁਭਾਉ ਨਾਲ ਸੁਧਾਰੋ ਅਤੇ ਤੂੰ ਆਪਣੇ ਆਪ ਵੱਲ ਧਿਆਨ ਰੱਖ ਮਤੇ ਤੂੰ ਵੀ ਪਰਤਾਵੇ ਵਿਚ ਪਵੇਂ। ਤੁਸੀਂ ਇਕ ਦੂਏ ਦਾ ਭਾਰ ਚੁੱਕ ਲਵੋ ਅਤੇ ਇਉਂ ਮਸੀਹ ਦੀ ਸ਼ਰਾ ਨੂੰ ਪੂਰਿਆਂ ਕਰੋ (ਗਲਾਤੀਆਂ 6:1, 2)।

> ਮੇਰੇ ਭਰਾਵੋ, ਜੇ ਕੋਈ ਤੁਹਾਡੇ ਵਿੱਚੋਂ ਸਚਿਆਈ ਦੇ ਰਾਹੋਂ ਭੁੱਲ ਜਾਵੇ ਅਤੇ ਕੋਈ ਉਹ ਨੂੰ ਮੋੜ ਲਿਆਵੇ। ਤਾਂ ਉਹ ਜਾਣ ਲਵੇ ਭਈ ਜਿਹ ਨੇ ਇਕ ਪਾਪੀ ਨੂੰ ਉਹ ਦੀ ਬਦਰਾਹੀ ਤੋਂ ਮੋੜ ਲਿਆਂਦਾ ਉਹ ਇਕ ਜਾਨ ਨੂੰ ਮੌਤ ਤੋਂ ਬਚਾਵੇਗਾ ਅਤੇ ਬਾਹਲਿਆਂ ਪਾਪਾਂ ਨੂੰ ਢੱਕ ਦੇਵੇਗਾ (ਯਾਕੂਬ 5:19, 20)।

ਮੱਤੀ 7:3–5 ਵਿਚ ਯਿਸੂ ਦਾ ਅੱਖ ਵਿੱਚੋਂ ਕੱਖ ਦੀ ਮਿਸਾਲ ਕਿਸੇ ਨੂੰ ਕਿਸੇ ਦੀ ਮਦਦ ਦੀ ਲੋੜ ਵੱਲ ਇਸ਼ਾਰਾ ਕਰਦੀ ਹੈ, ਕਿਉਂਕਿ ਅੱਖ ਨਾਜ਼ੁਕ ਹੈ। ਅੱਖ ਵਿਚ ਜ਼ਰਾ ਜਿੰਨਾ ਕੱਖ ਵੀ ਖ਼ਤਰਾ ਬਣ ਸਕਦਾ ਹੈ। ਤੁਸੀਂ ਵੀ ਕਦੇ ਉਨ੍ਹਾਂ ਦੇ ਚੀਕਣ ਦੀ ਅਵਾਜ਼ ਸੁਣੀ ਹੋਵੇਗੀ, ''ਮੇਰੀ ਅੱਖ ਵਿਚ ਕੁਝ ਪੈ ਗਿਆ!''

ਇਹ ਉਦਾਹਰਨ ਉਸ ਢੰਗ ਨਾਲ ਅਹਿਸਾਸ ਕਰਾਉਂਦੀ ਹੈ, ਜੋ ਕਿਸੇ ਦੀ ਮਦਦ ਕਰਕੇ ਅਪਣਾਇਆਂ ਜਾਣਾ ਜ਼ਰੂਰੀ ਹੈ। ਜੇ ਮੇਰੀ ਅੱਖ ਵਿਚ ਕੁਝ ਪੈ ਜਾਵੇ ਤਾਂ ਤੁਸੀਂ ਉਸ ਨੂੰ ਵੇਖ ਕੇ ਕੱਢਣ ਦਾ ਯਤਨ ਕਰਦੇ ਹੋ, ਤਾਂ ਮੈਂ ਚਾਹਾਂਗਾ ਕਿ ਤੁਸੀਂ ਬੜੀ ਚੌਕਸੀ ਅਤੇ ਹਮਦਰਦੀ ਨਾਲ ਇਹ ਕਰੋ।[13] ਸਾਨੂੰ ਦੂਜਿਆਂ ਨਾਲ ਵਿਹਾਰ ਕਰਦੇ ਹੋਏ ਅਜਿਹੇ ਹੀ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ। ਪੌਲੁਸ ਨੇ ''ਅਜਿਹੇ ਮਨੁੱਖ ਨੂੰ ਨਰਮਾਈ ਦੇ ਸੁਭਾਅ ਨਾਲ'' ਸੰਭਾਲਣ ਲਈ ਆਖਿਆ (ਗਲਾਤੀਆਂ 6:1)।

ਪਵਿੱਤਰ ਪਰਮੇਸ਼ੁਰ ਦੇ ਅੱਗੇ ਅਸੀਂ ਸਭ ਪਾਪੀ ਹਾਂ ਅਤੇ ਇਕ ਦਿਨ ਨਿਆਂ ਲਈ ਉਸ ਅੱਗੇ ਹਾਜ਼ਰ ਹੋਵਾਂਗੇ। ਹਰੇਕ ਨੂੰ ਰੂਹਾਨੀ ਤੌਰ ਤੇ ਮਦਦ ਦੀ ਲੋੜ ਹੈ, ਸੋ ਅਸੀਂ ਇਕ ਦੂਜੇ ਨੂੰ ਮਦਦ ਦਈਏ, ਪਰ ਅਜਿਹਾ ਕਰਦੇ ਹੋਏ, ਇਹ ਵੱਡੀ ਚੌਕਸੀ ਅਤੇ ਹਮਦਰਦੀ ਨਾਲ ਕਰੀਏ।

## ਦੂਜਿਆਂ ਨਾਲ ਪਿਆਰ ਨਾਲ ਰਹਿਣ ਦੀ ਲੋੜ #4:

## ਸਾਨੂੰ ਵਖਰੇਵਿਆਂ ਅਤੇ ਔਕੜਾਂ ਦਾ ਸਾਹਮਣਾ ਕਰਨਾ ਸਿੱਖਣਾ ਜ਼ਰੂਰੀ ਹੈ (ਆਇਤ 6)।

ਅਸੀਂ ''ਕੁੱਤਿਆਂ'' ਅਤੇ ''ਸੂਰਾਂ'' ਵਾਲੀ ਆਇਤ ਤੇ ਆ ਗਏ ਹਾਂ (ਆਇਤ 6)। ਇਸ ਵਿਚ ਇਕ ਬੁਝਾਰਤ ਹੈ, ਕਿਉਂਕਿ ਇਹ ਆਇਤ ਇਸ ਭਾਵਨਾ ਦੇ ਉਲਟ ਜਾਂਦੀ ਲਗਦੀ ਹੈ, ਜੋ ਯਿਸੂ

ਕਹਿ ਰਿਹਾ ਸੀ। ਕੀ ਸਾਨੂੰ ਦੂਜਿਆਂ ਨੂੰ ''ਕੁੱਤੇ'' ਅਤੇ ''ਸੂਰ'' ਕਹਿਣਾ ਚਾਹੀਦਾ ਹੈ? ਮੇਰੇ ਖ਼ਿਆਲ ਮੁਤਾਬਕ ਯਿਸੂ ਨੇ ਇਹ ਸ਼ਬਦ ਵਿਚਾਰ ਵਿਚ ਸੰਤੁਲਨ ਬਣਾਉਣ ਲਈ ਪਾਏ: ਸਾਨੂੰ ਕਪਟੀ, ਦੋਸ਼ ਕੱਢਣ ਵਾਲੇ, ਖੁਦਗਰਜ਼, ''ਗਠੜੀਆਂ ਦੇ ਰਾਖੇ'' ਨਹੀਂ ਬਣਨਾ ਚਾਹੀਦਾ, ਪਰ ਸਾਨੂੰ ਭੋਲੇ ਭਾਲੇ ਵੀ ਨਹੀਂ ਬਣਨਾ ਚਾਹੀਦਾ ਅਤੇ ਲਾਪਰਵਾਹ ਜਾਂ ਕੰਨਾਂ ਦੇ ਕੱਚੇ ਹੋਣਾ ਵੀ ਠੀਕ ਨਹੀਂ ਹੈ।

ਜੇ ਯਿਸੂ 1–5 ਆਇਤਾਂ ਹੀ ਦਿੰਦਾ, ਤਾਂ ਉਸ ਨੇ ਸਾਨੂੰ ਅਸੁਰੱਖਿਅਤ ਹੀ ਛੱਡ ਦਿੱਤਾ ਹੁੰਦਾ, ਜਿਨ੍ਹਾਂ ਨੂੰ ਇਹ ਡਰ ਰਹਿੰਦਾ ਹੈ ਕਿ ਉਨ੍ਹਾਂ ਤੋਂ ਕੋਈ ਅਜਿਹਾ ਫ਼ੈਸਲਾ ਨਾ ਹੋ ਜਾਵੇ ਕਿ ਜਿਹੜਾ ਉਨ੍ਹਾਂ ਦੇ ਗਲ ਆ ਪਵੇ। ਪਰ ਆਇਤ 6 ਵਿਚ ਉਸ ਨੇ ਇਸ਼ਾਰਾ ਕੀਤਾ ਹੈ ਕਿ ਕੁਝ ਫ਼ੈਸਲੇ ਹਨ, ਜਿਹੜੇ ਸਾਨੂੰ ਦੂਜਿਆਂ ਪ੍ਰਤੀ ਲੈਣੇ ਚਾਹੀਦੇ ਹਨ। ਉਸ ਨੇ ਇਸ ਨੂੰ ਕੁੱਤਿਆਂ ਅਤੇ ਸੂਰਾਂ ਦੇ ਹਵਾਲੇ ਨਾਲ ਸਮਝਾਇਆ: ''ਪਵਿੱਤਰ ਵਸਤ ਕੁੱਤਿਆਂ ਨੂੰ ਨਾ ਪਾਓ ਅਤੇ ਆਪਣੇ ਮੋਤੀ ਸੂਰਾਂ ਅੱਗੇ ਨਾ ਸੁੱਟੋ; ਕਿਤੇ ਐਉਂ ਨਾ ਹੋਵੇ ਜੋ ਉਹ ਉਨ੍ਹਾਂ ਨੂੰ ਆਪਣੇ ਹੇਠਾਂ ਮਿੱਧ ਦੇਣ ਅਤੇ ਮੁੜ ਕੇ ਤੁਹਾਨੂੰ ਪਾੜਨ।''

ਮਸੀਹ ਦੇ ਸ਼ਬਦਾਂ ਦੇ ਅਰਥਾਂ ਤੇ ਚਰਚਾ ਕਰਨ ਤੋਂ ਪਹਿਲਾਂ, ਸਾਨੂੰ ਕੁੱਤਿਆਂ ਅਤੇ ਸੂਰਾਂ ਦੇ ਸੁਭਾਅ ਨੂੰ ਖ਼ਾਸ ਕਰ ਉਸ ਸਮੇਂ ਦੇ ਸੰਦਰਭ ਵਿਚ ਸਮਝਣ ਦੀ ਲੋੜ ਹੈ। ਸ਼ਰ੍ਹਾ ਦੇ ਅਧੀਨ ਇਨ੍ਹਾਂ ਦੋਵਾਂ ਜਾਨਵਰਾਂ ਨੂੰ ਅਸ਼ੁੱਧ ਮੰਨਿਆ ਗਿਆ ਸੀ।[14] ਕੁੱਤੇ ਤੇ ਵਿਚਾਰ ਕਰਦੇ ਹੋਏ ਤੁਸੀਂ ਇਨ੍ਹਾਂ ਨੂੰ ਕਿਸੇ ਦੇ ਪਾਲਤੂ ਜਾਨਵਰ ਨਹੀਂ, ਖੂੰਖਾਰ, ਅਵਾਰਾ, ਗੰਦੇ ਅਤੇ ਮੁਰਦਾ ਜਾਨਵਰਾਂ ਦਾ ਮਾਸ ਲੱਭਣ ਵਾਲੇ ਸ਼ਿਕਾਰੀ ਟੋਲੇ ਸਮਝੋ। ਬਾਈਬਲ ਵਿਚ ਕਈ ਵਾਰ ''ਕੁੱਤਾ'' ਸ਼ਬਦ ਦੀ ਵਰਤੋਂ ਪਾਪ ਨਾਲ ਭਰੇ ਲੋਕਾਂ ਵਾਸਤੇ ਰੂਪਕ ਦੇ ਤੌਰ ਤੇ ਕੀਤੀ ਗਈ (ਮੱਤੀ 15:26; ਫ਼ਿਲਿੱਪੀਆਂ 3:2; ਪ੍ਰਕਾਸ਼ ਦੀ ਪੋਥੀ 22:15)। ਯਹੂਦੀ ਲੋਕਾਂ ਦੇ ਮਨ ਵਿਚ ਸੂਰ ਅਸ਼ੁੱਧਤਾ ਦਾ ਪ੍ਰਤੀਕ ਸੀ। ਇਸੇ ਕਰਕੇ ਜੇ ਸਾਰੇ ਨਹੀਂ ਤਾਂ ਫ਼ਲਸਤੀਆਂ ਦੇ ਵਧੇਰੇ ਕਰਕੇ ਸੂਰ ਅਵਾਰਾ ਹੀ ਹੁੰਦੇ ਸਨ।

ਬਾਅਦ ਵਾਲੀ ਗੱਲ ਦੀ ਕਈ ਟੀਕਾਕਾਰ ਆਨਾਕਾਨੀ ਕਰ ਚੁੱਕੇ ਹਨ। ਆਇਤ 6 ਨੂੰ ਸਮਝਣ ਦੀ ਕੋਸ਼ਿਸ਼ ਕਰਦਿਆਂ ਉਹ ਆਖਦੇ ਹਨ ਕਿ ''ਪਲਟ ਕੇ ਤੁਹਾਨੂੰ ਪਾੜ ਨਾ ਸੁੱਟਣ'' ਕੁੱਤਿਆਂ ਵਾਸਤੇ ਕਿਹਾ ਗਿਆ ਹੋਵੇਗਾ, ਨਾ ਕਿ ਸੂਰਾਂ ਲਈ। ਇਵੇਂ ਉਹ ਇਨ੍ਹਾਂ ਜਾਨਵਰਾਂ ਬਾਰੇ ਅਗਿਆਨਤਾ ਵਿਖਾਉਂਦੇ ਹਨ। ਉਨ੍ਹਾਂ ਕਦੇ ਸੂਈ ਹੋਈ ਸੂਰਨੀ ਨੂੰ ਨਹੀਂ ਵੇਖਿਆ, ਇਹ ਪਤਾ ਚੱਲਣ ਤੇ ਕਿ ਉਸ ਦੇ ਬੱਚਿਆਂ ਨੂੰ ਖ਼ਤਰਾ ਹੈ, ਉਹ ਤੁਹਾਡੀ ਲੱਤ ਵੱਢਣ ਦੀ ਕੋਸ਼ਿਸ਼ ਕਰੇਗੀ। ਇਹ ਉਨ੍ਹਾਂ ਜੰਗਲੀ ਸੂਰਾਂ ਦੀ ਦੁਸ਼ਟਤਾ ਨੂੰ ਨਹੀਂ ਜਾਣਦੇ, ਜਿਹੜੇ ਸਭ ਤੋਂ ਖ਼ਤਰਨਾਕ ਜੰਤੂਆਂ ਵਿਚ ਹਨ।[15]

ਕੁੱਤਿਆਂ ਅਤੇ ਸੂਰਾਂ ਦੇ ਸੁਭਾਅ ਨੂੰ ਧਿਆਨ ਵਿਚ ਰੱਖਦੇ ਹੋਏ ਆਇਤ 6 ਫੇਰ ਵੇਖੋ, ਯਿਸੂ ਨੇ ਇਕ ਵਾਰ ਫੇਰ ਹਾਸੋਹੀਣਾ ਦ੍ਰਿਸ਼ ਵਿਖਾਇਆ। ਪਹਿਲਾਂ ਉਸ ਨੇ ''ਪਵਿੱਤਰ ਵਸਤੂ ਕੁੱਤਿਆਂ ਨੂੰ'' ਦੇਣ ਦੀ ਗੱਲ ਕੀਤੀ। ਦੋਗਲੀ ਨਸਲ ਦਾ ਕੁੱਤਾ ਪਵਿੱਤਰ ਦਾ ਮਹੱਤਵ ਨਹੀਂ ਸਮਝ ਸਕਦਾ। ਕੁਝ ਲੋਕਾਂ ਦਾ ਮੰਨਣਾ ਹੈ ਕਿ ਇਹ ਆਇਤ ਕਿਸੇ ਯਾਜਕ ਦੇ ਚੜ੍ਹਾਵੇ ਦੀ ਵੇਦੀ ਵਿੱਚੋਂ ਮਾਸ ਚੁੱਕ ਕੇ ਕੁੱਤਿਆਂ ਦੇ ਝੁੰਡ ਅੱਗੇ ਸੁੱਟਣ ਵਾਲੇ ਹਾਲਾਤ ਵਾਂਗ ਹੈ। ਅਜਿਹਾ ਕਦੇ ਨਹੀਂ ਹੋ ਸਕਦਾ। ਕੁਰਬਾਨ ਕੀਤੇ ਗਏ ਜਾਨਵਰ ਦੇ ਬਚੇ ਹੋਏ ਸਭ ਅੰਗ ਅੱਗ ਵਿਚ ਸਾੜ ਦਿੱਤੇ ਜਾਂਦੇ ਸਨ (ਲੇਵੀਆਂ 6:24–30; 7:17)।

ਫਿਰ ਯਿਸੂ ਨੇ ''ਮੋਤੀ ਸੂਰਾਂ ਅੱਗੇ'' ਪਾਉਣ ਦੀ ਗੱਲ ਕੀਤੀ। ਜਿਵੇਂ ਕੁੱਤੇ ਪਵਿੱਤਰ ਦਾ ਮਹੱਤਵ ਨਹੀਂ ਸਮਝ ਸਕਦੇ, ਉਵੇਂ ਹੀ ਸੂਰ ਵੀ ਮੋਤੀਆਂ ਦੀ ਕਦਰ ਨਹੀਂ ਜਾਣਦੇ। ਇਹ ਪਤਾ ਲਗਦੇ ਹੀ ਕਿ ਮੋਤੀ ਭੋਜਨ ਨਹੀਂ ਹੈ (ਸ਼ਾਇਦ ਮੋਤੀ ਖਾਣ ਦੀ ਕੋਸ਼ਿਸ਼ ਵਿਚ ਦੰਦ ਟੁੱਟ ਜਾਣ ਤੇ), ਉਹ ''ਪਲਟ ਕੇ ਤੁਹਾਨੂੰ ਪਾੜ ਖਾਣ'' ਨੂੰ ਤਿਆਰ ਹੋਣਗੇ। ਮੈਨੂੰ ਬਹੁਤ ਪੁਰਾਣੀ ਗੱਲ ਚੇਤੇ ਆਉਂਦੀ ਹੈ, ਜਦ ਮੈਂ ਸੂਰਾਂ ਨੂੰ ਚਾਰਾ ਪਾਉਣ ਲਈ ਦਿਨ ਚੜ੍ਹਨ ਤੋਂ ਪਹਿਲਾਂ ਉੱਠ ਜਾਂਦਾ ਹੁੰਦਾ ਸਾਂ। ਇਕ ਪੁਰਾਣੀ ਲੋਹੇ ਦੀ ਬਾਲਟੀ ਵਿਚ ਚਾਰਾ ਮਿਲਾਉਣ ਦੀ ਅਵਾਜ਼ ਸੁਣ ਕੇ ਸੂਰ ਖੂੰਖਾਰ ਹੋ ਉੱਠਦੇ ਸਨ। ਮੇਰੇ ਉਨ੍ਹਾਂ ਦੀ ਖੁਰਲੀ ਤਕ ਪਹੁੰਚਣ ਤੇ ਉਹ ਖਿੱਚਦੇ ਅਤੇ ਇਕ ਦੂਜੇ ਤੇ ਚੜ੍ਹ ਜਾਂਦੇ ਸਨ। ਉਦੋਂ ਮੈਨੂੰ ਉਨ੍ਹਾਂ ਦੀ

ਖ਼ਾਣ ਦੀ ਖੁਰਲੀ ਵਿਚ ਚਾਰਾ ਸੁੱਟਣ ਵਿਚ ਬੜੀ ਦਿੱਕਤ ਹੁੰਦੀ ਸੀ, ਜਿਸ ਵਿਚ ਤਿੰਨ ਚਾਰ ਭੁੱਖੇ ਸੂਰ ਧੁੱਸ ਦੇ ਕੇ ਵੜ ਜਾਂਦੇ ਸਨ। ਮੈਂ ਯਕੀਨਨ ਕਹਿ ਸਕਦਾ ਹਾਂ ਕਿ ਅਵਾਜ਼ ਮਿਲਦਿਆਂ ਚਾਰੇ ਦੀ ਬਜਾਇ ਖੁਰਲੀ ਵਿਚ ਮੋਤੀ ਸੁੱਟ ਦਿੰਦਾ, ਤਾਂ ਸੂਰਾਂ ਨੂੰ ਇਸ ਦਾ ਪਤਾ ਲੱਗਦੇ ਹੀ ਮੈਂ ਇਹ ਦੁਆ ਕਰ ਰਿਹਾ ਹੁੰਦਾ ਕਿ ਕਿਤੇ ਵਾੜ ਨਾ ਟੁੱਟ ਜਾਵੇ।

ਹੁਣ ਸਾਨੂੰ ਇਹ ਪੁੱਛਣਾ ਚਾਹੀਦਾ ਹੈ ਕਿ ''ਯਿਸੂ ਨੇ ਕੁੱਤੇ'' ਅਤੇ ''ਸੂਰ'' ਕਿਸ ਨੂੰ ਆਖਿਆ ਹੈ? ਇਸ ਸਵਾਲ ਦਾ ਜਵਾਬ ਇਹ ਪੜ੍ਹ ਕੇ ਦਿੱਤਾ ਜਾ ਸਕਦਾ ਹੈ: ''ਪਵਿੱਤਰ ਵਸਤ ਅਤੇ ਮੋਤੀ ਕਿਸ ਨੂੰ ਆਖਿਆ ਗਿਆ ਹੈ?'' ਯਿਸੂ ਨੇ ਰਾਜ (ਕਲੀਸੀਆ) ਨੂੰ ''ਕੀਮਤੀ ਮੋਤੀ'' ਆਖਿਆ (ਮੱਤੀ 13:45, 46)। ਰਾਜ (ਕਲੀਸੀਆ) ਦੇ ਸੰਦੇਸ਼ ਨੂੰ ਇੰਜੀਲ (ਖੁਸ਼ਖ਼ਬਰੀ) ਆਖਿਆ ਜਾਂਦਾ ਹੈ (ਵੇਖੋ ਮੱਤੀ 4:23; 9:35; 24:14)। ਖ਼ੁਦਾ ਦਾ ਵਚਨ ਪਵਿੱਤਰ ਹੈ (ਰੋਮੀਆਂ 1:2; 2 ਪਤਰਸ 2:21), ਅਤੇ ਇਸ ਪਵਿੱਤਰ ਸੰਦੇਸ਼ ਨੂੰ ''ਖਜ਼ਾਨਾ'' ਆਖਿਆ ਗਿਆ ਹੈ (2 ਕੁਰਿੰਥੀਆਂ 4:7)।

ਇਸ ਕਾਰਣ, ਜ਼ਿਆਦਾ ਟੀਕਾਕਾਰਾਂ ਦਾ ਮੰਨਣਾ ਹੈ ਕਿ ਮਸੀਹ ਉਨ੍ਹਾਂ ਲੋਕਾਂ ਨੂੰ ਵਚਨ ਦੇਣ ਦੀ ਚਿਤਾਵਨੀ ਦੇ ਰਿਹਾ ਸੀ, ਜਿਹੜੇ ਰੂਹਾਨੀ ਗੱਲਾਂ ਨੂੰ ਮਹੱਤਵ ਨਹੀਂ ਦਿੰਦੇ: ਜਿਹੜੇ ਸੱਚਾਈ ਨੂੰ ਠੁਕਰਾਉਂਦੇ ਹਨ। ਤੀਤੁਸ 1:15 ਵਿਚਲੇ ਲੋਕ ''ਭਰਿਸ਼ਟ ਅਤੇ ਬੇਪਰਤੀਤੇ'' ਹਨ ਅਤੇ ਜਿਨ੍ਹਾਂ ਦੀ ''ਬੁੱਧ ਅਤੇ ਅੰਤਹਕਰਨ ਦੋਵੇਂ ਭਰਿਸ਼ਟ ਹਨ।'' ਯਿਸੂ ਦੇ ਦਿਮਾਗ ਵਿਚ ਗ੍ਰੰਥੀ ਅਤੇ ਫ਼ਰੀਸੀ ਹੋਣਗੇ, ਜਿਹੜੇ ਉਸ ਦੇ ਵਚਨ ਨੂੰ ਮੰਨਣ ਤੋਂ ਇਨਕਾਰ ਕਰਦੇ ਸਨ।

ਕੁਝ ਟੀਕਾਕਾਰ ਆਇਤ 6 ਦੀ ਇਸ ਵਿਆਖਿਆ ਦਾ ਅਪਵਾਦ ਮੰਨਦੇ ਹਨ, ਪਰ ਮੇਰਾ ਮੰਨਣਾ ਹੈ ਕਿ ਇਹ ਇਸ ਆਇਤ ਦੀ ਸਭ ਤੋਂ ਵਧੀਆ ਵਿਆਖਿਆ ਹੈ ਅਤੇ ਪਵਿੱਤਰ ਲਿਖਤ ਦੀਆਂ ਬਾਕੀ ਆਇਤਾਂ ਨਾਲ ਮੇਲ ਖਾਂਦੀ ਹੈ। ''ਸੀਮਤ ਹੁਕਮ'' ਜਾਂ ''ਲਿਮਿਟਿਡ ਕਮਿਸ਼ਨ'' ਦਿੰਦਿਆਂ ਯਿਸੂ ਨੇ ਆਪਣੇ ਚੇਲਿਆਂ ਨੂੰ ਆਖਿਆ ਸੀ ਕਿ ਜਦੋਂ ਲੋਕ ਉਨ੍ਹਾਂ ਨੂੰ ਠੁਕਰਾ ਦੇਣ ਤਾਂ ਉਹ ਆਪਣੀ ਜੁੱਤੀ ਝਾੜ ਕੇ[16] ਅੱਗੇ ਤੁਰ ਜਾਣ (ਮੱਤੀ 10:13, 14)।[17] ਯਹੂਦੀਆਂ ਨੇ ਜਦੋਂ ਵੀ ਪੌਲੁਸ ਨੂੰ ਠੁਕਰਾਇਆ, ਤਾਂ ਉਹ ਗੈਰ ਕੌਮਾਂ ਕੋਲ ਗਿਆ (ਰਸੂਲਾਂ ਦੇ ਕੰਮ 13:44–51; 18:5, 6; 19:9; 28:17–28)।

ਇਹ ਫ਼ੈਸਲਾ ਕਰਨਾ ਔਖਾ ਹੈ। ਸਾਨੂੰ ਪਹਿਲਾਂ ਤੋਂ ਇਹ ਫ਼ੈਸਲਾ ਕਰਨ ਦਾ ਹੱਕ ਨਹੀਂ ਹੈ ਕਿ ''ਕੁੱਤਾ'' ਜਾਂ ''ਸੂਰ'' ਕੌਣ ਹਨ। ਪ੍ਰੇਮ ਸਦਾ ਭਲਾ ਹੀ ਸੋਚਦਾ ਹੈ ਅਤੇ ਸਾਨੂੰ ਹਰ ਕਿਸੇ ਨੂੰ ਸੁਭ ਸਮਾਚਾਰ ਸੁਣਾਉਣ ਦਾ ਮੌਕਾ ਦੇਣਾ ਜ਼ਰੂਰੀ ਹੈ (ਮੱਤੀ 28:18–20; ਮਰਕੁਸ 16:15, 16)। ਦੂਜੇ ਪਾਸੇ ਜਦੋਂ ਅਸੀਂ ਕਿਸੇ ਨੂੰ ਲਗਾਤਾਰ ਸਿਖਾਉਣ ਦੀ ਕੋਸ਼ਿਸ਼ ਕਰਦੇ ਰਹੀਏ ਅਤੇ ਉਹ ਸਾਨੂੰ ਠੁਕਰਾਉਂਦੇ ਰਹਿਣ, ਤਾਂ ਇਕ ਵਕਤ ਅਜਿਹਾ ਆਵੇਗਾ ਕਿ ਸਹਿਜ ਬੁੱਧੀ (ਅਤੇ ਆਪਣੇ ਦੇ ਮੁਖ਼ਤਿਆਰ ਹੋਣ[18]) ਕਾਰਣ ਅਸੀਂ ਆਖਾਂਗੇ, ''ਆਪਣੇ ਮੋਤੀ ਸੂਰਾਂ ਅੱਗੇ ਸੁੱਟਣੇ ਛੱਡ ਕੇ ਅਸੀਂ ਕਿਸੇ ਹੋਰ ਨੂੰ ਸਿਖਾਉਣ ਲਈ ਢੂੰਡਾਂਗੇ।''[19]

7:1–12 ਵਿਚ ਯਿਸੂ ਦੀਆਂ ਉਦਾਹਰਨਾਂ ਤੋਂ ਇਹ ਸਾਫ਼ ਹੋ ਗਿਆ ਹੈ ਕਿ ਸਾਡਾ ਵਾਹ ਕਈ ਤਰ੍ਹਾਂ ਦੇ ਲੋਕਾਂ ਨਾਲ ਪਵੇਗਾ। ਅਤੇ ਸਾਨੂੰ ਇਹ ਸਿੱਖਣ ਦੀ ਲੋੜ ਹੈ ਕਿ ਅਸੀਂ ਉਨ੍ਹਾਂ ਵਿੱਚੋਂ ਹਰੇਕ ਨੂੰ ਕਿਵੇਂ ਸੰਭਾਲਦੇ ਹਾਂ। ਕਈ ਅਜਿਹੇ ਲੋਕ ਵੀ ਹਨ, ਜਿਨ੍ਹਾਂ ਦੀਆਂ ਅੱਖਾਂ ਵਿਚ ਕੱਖ ਹਨ, ਅਤੇ ਜਿਨ੍ਹਾਂ ਨੂੰ ਸਾਡੇ ਪ੍ਰੇਮ ਅਤੇ ਸਨੇਹ ਦੀ ਲੋੜ ਹੈ। ਅਜਿਹੇ ਸੂਰ ਤੇ ਕੁੱਤੇ ਵੀ ਹਨ ਜਿਹੜੇ ਬਿਲਕੁਲ ਮਦਦ ਦੇ ਯੋਗ ਨਹੀਂ ਹਨ। ਉਹ ਉਨ੍ਹਾਂ ਦੇ ਛੇੜੇ ਜਾਣ ਤੇ ਸਾਡੀ ਹਰ ਕੋਸ਼ਿਸ਼ ਦਾ ਵਿਰੋਧ ਕਰਨਗੇ। ਉਨ੍ਹਾਂ ਦੀ ਦਿਲਚਸਪੀ ਸਾਡੇ ਵਿਚ ਸਿਰਫ਼ ਏਨੀ ਹੈ ਕਿ ਉਹ ਸਾਨੂੰ ਪਾੜਨਾ ਚਾਹੁੰਦੇ ਹਨ। ਅਜਿਹੇ ਲੋਕਾਂ ਨਾਲ ਵਿਹਾਰ ਦਾ ਸਿਰਫ਼ ਇਹ ਹੀ ਢੰਗ ਹੈ ਕਿ ਉਨ੍ਹਾਂ ਨੂੰ ਇੱਕਲ੍ਹੇ ਛੱਡ ਦਿੱਤਾ ਜਾਵੇ।

ਉਸ ਔਰਤ ਨਾਲ, ਜਿਸ ਨੇ ਆਪਣੇ ਅੱਥਰੂਆਂ ਨਾਲ ਯਿਸੂ ਦੇ ਪੈਰ ਧੋਤੇ ਸਨ (ਲੂਕਾ 7:36–50) ਅਤੇ ਜ਼ਨਾਹ ਵਿਚ ਫੜ੍ਹੀ ਗਈ ਸੀ, ਉਸ ਦੀ ਕੋਮਲਤਾ ਤੇ ਵਿਚਾਰ ਕਰੋ (ਯੂਹੰਨਾ 8:2–11।

ਮੱਤੀ 23 ਆਇਤ ਵਾਲੇ ਕਠੋਰ ਮਨ ਦੇ ਗ੍ਰੰਥੀਆਂ ਅਤੇ ਫ਼ਰੀਸੀਆਂ ਨਾਲ ਉਸਦੇ ਅਤਿ ਬੁਰੇ ਢੰਗ ਨਾਲ ਨਿੰਦਾ ਵਿਚ ਫ਼ਰਕ ਕਰੋ। ਉਸ ਨੇ ਬਾਰ ਬਾਰ ਆਖਿਆ, ''ਹੇ ਕਪਟੀ ਗ੍ਰੰਥੀਓ ਅਤੇ ਫ਼ਰੀਸੀਓ ਤੁਹਾਡੇ ਉੱਤੇ ਹਾਇ'' (ਆਇਤਾਂ 13–15, 23, 25, 27, 29)।

ਮਸੀਹ ਨੇ ਕੁੱਤਿਆਂ ਜਾਂ ਸੂਰਾਂ ਨੂੰ ਗੋਲੀ ਮਾਰਨ ਲਈ ਨਹੀਂ ਆਖਿਆ। ਉਸ ਨੇ ਸਿਰਫ਼ ਉਨ੍ਹਾਂ ਨੂੰ ਇਕੱਲ੍ਹੇ ਛੱਡ ਦੇਣ ਲਈ ਆਖਿਆ: ਪਵਿੱਤਰ ਵਸਤਾਂ ਉਨ੍ਹਾਂ ਅੱਗੇ ਨਾ ਸੁੱਟੋ, ਨਾ ਉਨ੍ਹਾਂ ਨੂੰ ਮੋਤੀ ਦਿਓ। ਇੱਥੇ ਪੌਲੁਸ ਦੀ ਤਾੜਨਾ ਕੰਮ ਆਵੇਗੀ: ਆਪਣੀ ਵਾਹ ਲਗਦਿਆਂ ਸਾਰੇ ਮਨੁੱਖਾਂ ਨਾਲ ਮੇਲ ਰੱਖੋ'' (ਰੋਮੀਆਂ 12:18)।

## ਦੂਜਿਆਂ ਨਾਲ ਪਿਆਰ ਨਾਲ ਰਹਿਣ ਦੀ ਲੋੜ #5:

## ਸਾਨੂੰ ਖ਼ੁਦਾ ਤੇ ਭਰੋਸਾ ਰੱਖਣ ਦਾ ਫ਼ੈਸਲਾ ਕਰਨ ਦੀ ਲੋੜ ਹੈ (ਆਇਤਾਂ 7-11)।

ਇਹ ਸਾਨੂੰ ਦੁਆ ਦੀ ਤਾਕਤ ਦੇ ਮਹਾਨ ਹਿੱਸੇ, 7–11 ਆਇਤਾਂ ਤਕ ਲਿਜਾਂਦਾ ਹੈ। ਇਸ ਵਚਨ ਵਿਚ ਮੈਂ ਇਨ੍ਹਾਂ ਆਇਤਾਂ ਤੇ ਵਿਸਥਾਰਪੂਰਵਕ ਗੱਲ ਨਹੀਂ ਕਰਾਂਗਾ, ਸਗੋਂ ਮੇਰਾ ਉਦੇਸ਼ ਇਹ ਸੁਝਾਅ ਦੇਣਾ ਹੈ ਕਿ ਇਹ ਆਇਤਾਂ ਇਵੇਂ ਉਸ ਵਿਸ਼ੇ ਦੇ ਸੰਦਰਭ ਭਾਵ ਦੂਜਿਆਂ ਨਾਲ ਪਿਆਰ ਨਾਲ ਕਿਵੇਂ ਰਹੀਏ ਨਾਲ ਮੇਲ ਖਾਂਦਾ ਹੈ, ਜਿਸ ਤੇ ਅਸੀਂ ਚਰਚਾ ਕਰ ਰਹੇ ਹਾਂ।

ਇਨ੍ਹਾਂ ਵਚਨਾਂ ਵਿਚ ਅਸੀਂ ਸਿੱਖਿਆ ਹੈ ਕਿ ਸਾਨੂੰ ਦੋਸ਼ ਲਾਉਣ ਵਾਲੇ ਨਹੀਂ, ਸਗੋਂ ਦਇਆ ਕਰਨ ਵਾਲੇ ਅਤੇ ਕੋਮਲ ਮਨ ਵਾਲੇ ਹੋਣਾ ਚਾਹੀਦਾ ਹੈ। ਨਾਲ ਹੀ ਇਹ ਵੀ ਜ਼ੋਰ ਦਿੱਤਾ ਗਿਆ ਹੈ ਕਿ ਅਸੀਂ ਕਠੋਰ ਨਾ ਹੋਈਏ, ਭਾਵ ਸਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਆਪਣੇ ਪੈਰਾਂ ਦੀ ਧੂੜ ਕਦੋਂ ਝਾੜਨੀ ਹੈ। ਇਹ ਨਿਰਣਾ ਲੈਣਾ ਔਖਾ ਹੈ। ਅਸੀਂ ਆਪਣੇ ਆਪ ਨੂੰ ਕਠੋਰ ਹੋਣ ਤੋਂ ਰੋਕ ਸਕਦੇ ਹਾਂ, ਜਦੋਂ ਸਾਨੂੰ ਨਮਰ ਹੋਣ ਦੀ ਵੀ ਲੋੜ ਹੋਵੇ, ਜਾਂ ਨਮਰ ਕਿਵੇਂ ਹੋ ਸਕਦੇ ਹਾਂ, ਜਦੋਂ ਕਠੋਰ ਹੋਣ ਦੀ ਲੋੜ ਹੋਵੇ? 7–11 ਆਇਤਾਂ ਇਸ ਦਾ ਜਵਾਬ ਦਿੰਦੀਆਂ ਹਨ। ਸਾਨੂੰ ਖ਼ੁਦਾ ਤੇ ਨਿਰਭਰ ਹੋਣਾ ਚਾਹੀਦਾ ਹੈ:

> ਮੰਗੋ ਤਾਂ ਤੁਹਾਨੂੰ ਦਿੱਤਾ ਜਾਵੇਗਾ। ਢੂੰਡੋ ਤਾਂ ਤੁਹਾਨੂੰ ਲੱਭੇਗਾ। ਖੜਕਾਓ ਤਾਂ ਤੁਹਾਡੇ ਲਈ ਖੋਲ੍ਹਿਆ ਜਾਵੇਗਾ। ਕਿਉਂਕਿ ਹਰੇਕ ਮੰਗਣ ਵਾਲਾ ਪਾ ਲੈਂਦਾ ਹੈ ਅਤੇ ਢੂੰਡਣ ਵਾਲੇ ਨੂੰ ਲੱਭਦਾ ਹੈ ਅਤੇ ਖੜਕਾਉਣ ਵਾਲੇ ਲਈ ਖੋਲ੍ਹਿਆ ਜਾਵੇਗਾ। ਯਾ ਤੁਹਾਡੇ ਵਿੱਚੋਂ ਕਿਹੜਾ ਮਨੁੱਖ ਹੈ ਕਿ ਜੇ ਉਸ ਦਾ ਪੁੱਤਰ ਉਸ ਤੋਂ ਰੋਟੀ ਮੰਗੇ ਤਾਂ ਉਹ ਨੂੰ ਪੱਥਰ ਦੇਖੇ? ਅਤੇ ਜੋ ਮੱਛੀ ਮੰਗੇ ਤਾਂ ਉਹ ਨੂੰ ਸੱਪ ਦੇਵੇ? ਸੋ ਜੇ ਤੁਸੀਂ ਬੁਰੇ ਹੋ ਕੇ ਆਪਣਿਆਂ ਬਾਲਕਾਂ ਨੂੰ ਚੰਗੀਆਂ ਦਾਤਾਂ ਦੇਣੀਆਂ ਜਾਣਦੇ ਹੋ ਤਾਂ ਕਿੰਨਾ ਵਧੀਕ ਤੁਹਾਡਾ ਸੁਰਗੀ ਪਿਤਾ ਆਪਣੇ ਮੰਗਣ ਵਾਲਿਆਂ ਨੂੰ ਚੰਗੀਆਂ ਵਸਤਾਂ ਦੇਵੇਗਾ (ਮੱਤੀ 7:7–11)।

ਕਿੰਨੀਆਂ ਸੋਹਣੀਆਂ ਆਇਤਾਂ ਹਨ ਇਹ! ਖ਼ੁਦਾ ਦੁਆ ਦਾ ਜਵਾਬ ਦਿੰਦਾ ਹੈ, ਆਪਣੇ ਬੱਚਿਆਂ ਦੀਆਂ ਲੋੜਾਂ ਅਤੇ ਬੇਨਤੀਆਂ ਨੂੰ ਮੰਨਣ ਵਾਲੇ ਪ੍ਰੇਮੀ ਪਿਤਾ ਵਾਂਗ ਖ਼ੁਦਾ ਸਾਡੀਆਂ ਗੱਲਾਂ ਦਾ ਜਵਾਬ ਦਿੰਦਾ ਹੈ।

ਇਹ ਆਇਤਾਂ ਕਈ ਢੰਗਾਂ ਰਾਹੀਂ ਸਾਡੇ ਨਾਲ ਜੁੜੀਆਂ ਹੋਈਆਂ ਹਨ। ਉਦਾਹਰਨ ਲਈ, ਖ਼ੁਦਾ ਸਾਡੇ ਤੇ ਕਿਰਪਾ ਕਰਦਾ ਹੈ ਅਤੇ ਇੱਥੋਂ ਇਹ ਸੰਕੇਤ ਮਿਲਦਾ ਹੈ ਕਿ ਸਾਨੂੰ ਵੀ ਇਹ ਦੂਜੇ ਪ੍ਰਤੀ

ਦਿਆਲੂ ਹੋਣਾ ਚਾਹੀਦਾ ਹੈ। ਖ਼ਾਸ ਕਰ ਇਹ ਜ਼ੋਰ ਦਿੰਦਾ ਹੈ ਕਿ ਅਸੀਂ ਆਪਣੀਆਂ ਲੋੜਾਂ ਬਾਰੇ ਖ਼ੁਦਾ ਨੂੰ ਕਹਿ ਸਕਦੇ ਹਾਂ– ਇਸ ਮਾਮਲੇ ਵਿਚ ਦੂਜਿਆਂ ਨਾਲ ਵਿਹਾਰ ਕਰਨ ਦਾ ਢੰਗ ਜਾਣਨ ਦੀ ਲੋੜ ਹੈ। ਇਹ ਸਬੰਧ ਯਾਕੂਬ 1:5 ਨਾਲ ਮਿਲਦਾ ਜੁਲਦਾ ਹੀ ਸੰਦੇਸ਼ ਹੈ: ''ਪਰ ਜੇ ਕਿਸੇ ਨੂੰ ਤੁਹਾਡੇ ਵਿੱਚੋਂ ਬੁੱਧ ਦਾ ਘਾਟਾ ਹੋਵੇ, ਤਾਂ ਖ਼ੁਦਾ ਕੋਲੋ ਮੰਗੋ।''

ਆਇਤ 11 ਆਖਦੀ ਹੈ ਕਿ ਖ਼ੁਦਾ ''ਆਪਣੇ ਮੰਗਣ ਵਾਲਿਆਂ ਨੂੰ ਚੰਗੀਆਂ ਵਸਤਾਂ'' ਦਿੰਦਾ ਹੈ! ਕੋਈ ਕਹਿ ਸਕਦਾ ਹੈ, ''ਵੱਡਾ ਘਰ ਠੀਕ ਰਹੇਗਾ ... ਜਾਂ ਵੱਡੀ ਗੱਡੀ ... ਜਾਂ ਬਹੁਤ ਤਨਖਾਹ ਵਾਲੀ ਨੌਕਰੀ''– ਪਰ ਸਚਮੁਚ ''ਚੰਗਾ'' ਕੀ ਹੈ? ਕੀ ਰੂਹਾਨੀ ਦਾਨ ਇਸ ਨਾਲੋਂ ਵੀ ਵਧੀਆ ਹਨ? ਇਨ੍ਹਾਂ ਵਿੱਚੋਂ ਇਕ ਪਰਖਣ ਵਾਲਾ ਮਨ ਭਾਵ: ਇਹ ਜਾਣਨ ਦੀ ਕੁੱਵਤ ਹੋਵੇਗੀ ਕਿ ਸਭ ਤਰ੍ਹਾਂ ਦੇ ਲੋਕਾਂ ਨਾਲ ਕਿਵੇਂ ਵਿਚਰਣਾ ਹੈ। ਜੇ ਤੁਸੀਂ ਸਚੁਮਚ ਲੋਕਾਂ ਨਾਲ ਪ੍ਰੇਮ ਰੱਖਣਾ ਚਾਹੁੰਦੇ ਹੋ, ਜੇ ਤੁਹਾਡੀ ਨਜ਼ਰ ਵਿਚ ਸਬੰਧ ਮਹੱਤਵਪੂਰਣ ਹਨ ਤਾਂ ਤੁਸੀਂ ਬਹੁਤ ਵਕਤ ਦੁਆ ਵਿਚ ਗੁਜਾਰੋਗੇ।

## ਦੂਜਿਆਂ ਨਾਲ ਪਿਆਰ ਨਾਲ ਰਹਿਣ ਦੀ ਲੋੜ #6:

## ਸਾਡੀ ਜ਼ਿੰਦਗੀ ਸੁਨਹਿਰੀ ਨਿਅਮ ਦੇ ਮੁਤਾਬਕ ਹੋਣੀ ਜ਼ਰੂਰੀ ਹੈ (ਆਇਤ 12)।

ਅਖ਼ੀਰ ਵਿਚ ਅਸੀਂ ਆਇਤ 12 ਤੇ ਆਉਂਦੇ ਹਾਂ। ਇਸ ਆਇਤ ਨੂੰ ਪਹਾੜੀ ਉਪਦੇਸ਼ ਦਾ ਸਿਖ਼ਰ ਆਖਿਆ ਗਿਆ ਹੈ। ਯਕੀਨਨ ਹੀ, ਇਹ ਦੂਜਿਆਂ ਨਾਲ ਮਿਲ ਕੇ ਰਹਿਣ ਦਾ ਸਿਖ਼ਰ ਹੈ। ''ਇਸ ਕਾਰਣ ਜੋ ਕੁਝ ਤੁਸੀਂ ਚਾਹੁੰਦੇ ਹੋ ...।'' ਇਕ ਅਰਥ ਵਿਚ, ਇਸ ਵਿਚ ਮਨੁੱਖੀ ਸਬੰਧਾਂ ਤੇ ਉਪਦੇਸ਼ ਦੀਆਂ ਸਭ ਗੱਲਾਂ ਦਾ ਸਾਰ ਹੈ– ਭਾਵੇਂ ਉਹ ਭਾਈ ਜਾਂ ਦੁਸ਼ਮਣ ਨਾਲ ਹੋਣ। ਖ਼ਾਸ ਕਰ ਉਹ ਦੂਜਿਆਂ ਨਾਲ ਸਬੰਧ ਰੱਖਣ ਦੀਆਂ ਉਨ੍ਹਾਂ ਗੱਲਾਂ ਦਾ ਸਾਰ ਹੈ, ਜੋ ਅਸੀਂ ਮੱਤੀ 7:1–11 ਵਿਚ ਸਿੱਖਿਆ ਹੈ: ''ਇਸ ਕਾਰਣ ਜੋ ਕੁਝ ਤੁਸੀਂ ਚਾਹੁੰਦੇ ਹੋ, ਕਿ ਮਨੁੱਖ ਤੁਹਾਡੇ ਨਾਲ ਕਰਨ ਤੁਸੀਂ ਵੀ ਉਨ੍ਹਾਂ ਨਾਲ ਉਵੇਂ ਹੀ ਕਰੋ; ਕਿਉਂਕਿ ਤੁਰੇਤ ਅਤੇ ਨਬੀਆਂ ਦਾ ਇਹੋ ਮਤਲਬ ਹੈ।'' ਯਕੀਨਨ ਇਹ ਯਿਸੂ ਦੀ ਸਰਵਮੰਨਣ ਯੋਗ ਗੱਲ ਹੈ। ਲਗਭਗ ਹਰ ਕੋਈ[20] ਇਨ੍ਹਾਂ ਸ਼ਬਦਾਂ ਨੂੰ ਸਰਾਹੁੰਦਾ ਹੈ; ਇਸ ਨੇਮ ਮੁਤਾਬਕ ਜ਼ਿੰਦਗੀ ਨਾ ਕੱਟਣ ਵਾਲੇ ਵੀ ਇਸ ਦੀ ਤਾਰੀਫ਼ ਕਰਦੇ ਹਨ।

ਯਿਸੂ ਤੋਂ ਪਹਿਲਾਂ ਆਇਤ 12 ਦੇ ਸਿਧਾਂਤ ਨੂੰ ਕਈਆਂ ਨੇ ਨਕਾਰਾਤਮਕ ਪੱਖ ਵਿਚ ਪੇਸ਼ ਕੀਤਾ ਸੀ: ''ਦੂਜਿਆਂ ਨਾਲ ਉਵੇਂ ਨਾ ਕਰੋ, ਜਿਹੋ ਜਿਹਾ ਤੁਸੀਂ ਚਾਹੁੰਦੇ ਹੋ ਕਿ ਉਹ ਤੁਹਾਡੇ ਨਾਲ ਕਰਨ।'' ਇਹ ਸ਼ਬਦ ਕਹਿਣ ਵਾਲਿਆਂ ਵਿਚ ਸੁਕਰਾਤ, ਅਰਸਤੂ, ਹਿਲੇਲ (ਪ੍ਰਸਿੱਧ ਯੂਨਾਨੀ ਗੁਰੂ), ਕੰਫਿਊਸ਼ਿਅਸ (ਚੀਨੀ ਗੁਰੂ), ਅਤੇ ਬਜ਼ੁਰਗ ਸ਼ਾਮਿਲ ਹਨ। ਪਰ ਇਸ ਨੂੰ ਸਕਾਰਾਤਮਕ ਢੰਗ ਨਾਲ ਕਹਿਣ ਵਾਲਾ ਪਹਿਲਾ ਸ਼ਖ਼ਸ ਯਿਸੂ ਹੀ ਸੀ: ''ਦੂਜਿਆਂ ਦੇ ਨਾਲ ... ਕਰੋ।''

ਨਕਾਰਾਤਮਕ ਅਤੇ ਸਕਾਰਾਤਮਕ ਢੰਗ ਵਿਚ ਬਹੁਤ ਫ਼ਰਕ ਹੈ– ''ਨਹੀਂ'' ਸਬਦ ਨੂੰ ਸ਼ਾਮਿਲ ਕਰਨ ਜਾਂ ਕੱਢਣ ਨਾਲੋਂ ਕਿਤੇ ਵੱਧ ਹੈ। ਨਕਾਰਾਤਮਕ ਕਥਨ ਵਧੇਰੇ ਕਰਕੇ ਸੁਰੱਖਿਆ ਨਾਲ ਜੁੜਿਆ ਹੁੰਦਾ ਹੈ ਜਦ ਕਿ ਸਕਾਰਾਤਮਕ ਨੂੰ ਪੂਰਾ ਕਰਨ ਲਈ ਭਲਾ ਕਰਨਾ ਜ਼ਰੂਰੀ ਹੈ। ਕੁਝ ਵੀ ਨਾ ਕਰਕੇ ਨਕਾਰਾਤਮਕ ਨੂੰ ਪੂਰਾ ਨਹੀਂ ਕੀਤਾ ਜਾ ਸਕਦਾ,[21] ਪਰ ਭਲਿਆਈ ਕਰਕੇ ਸਕਾਰਾਤਮਕ ਨੂੰ ਪੂਰਾ ਕੀਤਾ ਜਾ ਸਕਦਾ ਹੈ। ਨਕਾਰਾਤਮਕ ਫ਼ਲਸਫ਼ੇ ਨੂੰ ਸਮਝਣ ਲਈ ਧਾਰਮਿਕ ਹੋਣ ਦੀ ਲੋੜ ਹੁੰਦੀ ਹੈ,

ਕਿਉਂਕਿ ਜ਼ਿੰਦਗੀ ਨੂੰ ਵੇਖਣ ਦਾ ਇਹ ਕੁਦਰਤੀ ਢੰਗ ਹੈ– ਪਰ ਦੂਜਾ ਸੱਚੇ ਧਰਮ ਦਾ ਅਧਾਰ ਹੈ। ਫ਼ਿਲਿਪਸ ਦੇ ਅਨੁਵਾਦ ਵਿਚ ''ਇਹ ਸਾਰੇ ਸੱਚੇ ਧਰਮ ਦਾ ਸਾਰ ਹੈ''[22] ਹੈ।

ਇਹ ਆਇਤ ਚਰਚਾ ਦੇ ਅੰਤ ਵਿਚ ਆਉਂਦੀ ਹੈ, ਕਿਉਂਕਿ ਇਹ ਪਹਿਲਾਂ ਹੋਣ ਵਾਲੀਆਂ ਗੱਲਾਂ ਦਾ ਫ਼ੈਸਲਾ ਦਿੰਦੀ ਹੈ; ਪਰ ਇਹ ਇੱਥੇ ਇਸ ਲਈ ਵੀ ਹੈ, ਕਿਉਂਕਿ ਇਹ ਉਸ ਸਿਧਾਂਤ ਦਾ ਐਲਾਨ ਕਰਦੀ ਹੈ, ਜਿਸ ਵਿਚ ਸਬੰਧਾਂ ਵਿਚ ਪੈਦਾ ਹੋਣ ਵਾਲੀ ਇਕ ਹਜ਼ਾਰ ਤੋਂ ਵੱਧ ਹੋਰ ਹਾਲਾਤ ਸ਼ਾਮਲ ਹੋਣਗੇ। ਕਲਪਨਾ ਕਰੋ ਕਿ ਤੁਹਾਡੇ ਕੋਲ ਇਕ ਕਿਤਾਬ ਸੀ, ਜਿਸ ਦੇ ਸਬੰਧ ਦੀ ਹਰ ਮੁਸ਼ਕਿਲ ਤੇ ਚਰਚਾ ਕੀਤੀ ਗਈ ਹੈ। ਇਹ ਅਹਿਸਾਸ ਕਰਨ ਦੀ ਕੋਸ਼ਿਸ਼ ਕਰੋ ਕਿ ਕਿਤਾਬ ਕਿੰਨੀ ਵੱਡੀ ਹੋਵੇਗੀ। ਫਿਰ ਕਲਪਨਾ ਕਰੋ ਕਿ ਤੁਸੀਂ ਕਿਸੇ ਨੂੰ ਮਿਲ ਰਹੇ ਹੋ ਅਤੇ ਕੋਈ ਸੰਕਟ ਪੈਦਾ ਹੋ ਗਿਆ ਹੈ। ਤੁਸੀਂ ਉਸ ਮੁਸ਼ਕਿਲ ਨਾਲ ਨਜਿੱਠਣ ਦਾ ਢੰਗ ਉਸ ਕਿਤਾਬ ਵਿੱਚੋਂ ਪੜ੍ਹਨ ਲਈ ਪੂਰੀ ਕਿਤਾਬ ਛਾਣ ਮਾਰਦੇ ਹੋ। ਇਕ ਘੰਟੇ ਜਾਂ ਇਸ ਤੋਂ ਥੋੜੀ ਦੇਰ ਬਾਅਦ, ਤੁਹਾਨੂੰ ਉਹ ਜਵਾਬ ਮਿਲ ਜਾਂਦਾ ਹੈ, ਜਿਸ ਦੀ ਤੁਹਾਨੂੰ ਤਲਾਸ਼ ਸੀ... ਪਰ ਤਦ ਤਕ ਦੂਜਾ ਵਿਅਕਤੀ ਚਲਿਆ ਜਾਂਦਾ ਹੈ। ਅਸਲ ਵਿਚ ਤੁਹਾਨੂੰ ਅਜਿਹੀ ਕਿਤਾਬ ਦੇਣ ਦੀ ਬਜਾਇ, ਯਿਸੂ ਨੇ ਆਖਿਆ, ''ਇਸ ਮੁਸ਼ਕਿਲ ਦਾ ਹੱਲ ਇਹ ਹੈ: ਆਪਣੇ ਆਪ ਤੋਂ ਪੁੱਛੋ, ਜੇ ਹਾਲਾਤ ਇਸ ਦੇ ਉਲਟ ਹੁੰਦੇ ਤਾਂ? ਮੈਂ ਆਪਣੇ ਨਾਲ ਕਿਹੋ ਜਿਹਾ ਵਿਹਾਰ ਚਾਹੁੰਦਾ? ਫਿਰ ਦੂਜੇ ਵਿਅਕਤੀ ਨਾਲ ਉਵੇਂ ਹੀ ਕਰੋ।''

ਬੜਾ ਅਸਾਨ ਹੈ, ਪਰ ਹੈ ਕਿੰਨਾ ਗੰਭੀਰ! ਕੀ ਤੁਸੀਂ ਕਲਪਨਾ ਕਰ ਸਕਦੇ ਹੋ ਕਿ ਜੇ ਜ਼ਿੰਦਗੀ ਇਸ ਅਧਾਰ ਤੇ ਚੱਲੇ ਤਾਂ ਸੰਸਾਰ ਕਿਹੋ ਜਿਹਾ ਹੋਵੇਗਾ? ਕੀ ਹੋਵੇ ਜਦ ਤਕ ਕਾਰੋਬਾਰ ਵਿਚ ਅਜਿਹਾ ਹੀ ਹੋਵੇ? ਕੀ ਹੋਵੇ ਜੇ ਸਭ ਸੰਗਠਨ ਇਸ ਸਿਧਾਂਤ ਨੂੰ ਮੰਨਣ? ਕੀ ਹੋਵੇ ਜੇ ਘਰ ਵਿਚ ਹਰ ਸਕੂਲ ਵਿਚ, ਹਰ ਦੇਸ਼ ਵਿਚ, ਹਰ ਮੰਡਲੀ ਵਿਚ ਲੋਕਾਂ ਨਾਲ ਉਵੇਂ ਹੀ ਵਿਹਾਰ ਹੋਵੇ ਜਿਹਾ ਉਹ ਚਾਹੰਦੇ ਹਨ?

ਇਹ ਕਹਿਣ ਲਈ ਕਿ ਸਾਨੂੰ ਸਹਿਜ ਬੁੱਧੀ ਦੀ ਵਰਤੋਂ ਕਰਨ ਦੀ ਉਮੀਦ ਕਰਨਾ ਹੈ, ਮੈਂ ਆਖ਼ਰੀ ਵਾਰ ਰੁਕਦਾ ਹਾਂ। ਮੱਤੀ 7:12 ਇਹ ਮੰਨ ਕੇ ਚੱਲਦਾ ਹੈ ਕਿ ਜਦੋਂ ਅਸੀਂ ਆਪਣੇ ਆਪ ਨੂੰ ਦੂਜਿਆਂ ਦੀ ਥਾਂ ਰੱਖਦੇ ਹਾਂ ਤਾਂ ਅਸੀਂ ਕਿੰਨਾ ਚੰਗਾ ਵਿਹਾਰ ਕਰਾਂਗੇ ਕਿ ਅਸੀਂ ਉਨ੍ਹਾਂ ਦਾ ਬੁਰਾ ਨਹੀਂ ਚਾਹਾਂਗੇ ਅਤੇ ਇਹ ਐਨਾ ਸਮਝਦਾਰੀ ਵਾਲਾ ਕੰਮ ਹੋਵੇਗਾ ਕਿ ਮੂਰਖਤਾ ਦੀ ਲੋੜ ਹੀ ਨਹੀਂ ਹੋਵੇਗੀ।[23] ਨਹੀਂ ਤਾਂ ਸ਼ਰਾਬੀ ਆਦਮੀ ਦਲੀਲ ਪੇਸ਼ ਕਰ ਸਕਦਾ ਹੈ, ''ਮੈਂ ਤਾਂ ਇਹ ਚਾਹੁੰਦਾ ਹਾਂ ਕਿ ਲੋਕ ਮੈਨੂੰ ਸ਼ਰਾਬ ਦਿੰਦੇ ਜਾਣ, ਤਾਂ ਜੋ ਮੈਂ ਉਨ੍ਹਾਂ ਨਾਲ ਉਹੋ ਜਿਹਾ ਕਰਾਂ ਜਿਹੋ ਜਿਹਾ ਮੈਂ ਚਾਹੁੰਦਾ ਹਾਂ ਕਿ ਉਹ ਮੇਰੇ ਨਾਲ ਕਰਨ– ਅਤੇ ਸਭ ਨੂੰ ਸ਼ਰਾਬ ਦੀਆਂ ਬੋਤਲਾਂ ਵੰਡਦਾ ਰਹਾਂ।''[24] ਨਿੱਜੀ ਉਦਾਹਰਨ ਦੀ ਵਰਤੋਂ ਕਰਦੇ ਹੋਏ ,ਮੈਂ ਤਰਕ ਦੇ ਸਕਦਾ ਹਾਂ, ''ਮੈਨੂੰ ਪਿਆਜ਼ ਵਾਲੀ ਕਲੇਜੀ ਖਾਣਾ ਪਸੰਦ ਹੈ,[25] ਸੋ ਅਗਲੀ ਵਾਰ ਜਦ ਮੈਂ ਖਾਣਾ ਬਣਾਵਾਂ, ਤਾਂ ਮੈਂ ਆਪਣੀ ਪਤਨੀ ਲਈ ਕਲੇਜੀ ਅਤੇ ਪਿਆਜ ਹੀ ਬਣਾਵਾਂਗਾ'' .. ਇਹ ਜਾਣਨ ਦੇ ਬਾਵਜੂਦ ਕਿ ਉਸ ਨੂੰ ਕਲੇਜੀ ਪਿਆਜ਼ ਪਸੰਦ ਨਹੀਂ।

ਮੇਰੇ ਖ਼ਿਆਲ ਵਿਚ ਸਾਡੇ ਵਿੱਚੋਂ ਵਧੇਰੇ ਲੋਕ ਇਸ ਗੱਲ ਦੀ ਸਮਝ ਰੱਖਦੇ ਹਨ ਕਿ ਇਹ ਸੁਨਹਿਰੀ ਨੇਮ ਵਿਚ ਆਖਿਆ ਕੀ ਗਿਆ ਹੈ। ਇਸ ਆਇਤ ਵਿਚ ਆਮ ਸੱਚਾਈਆਂ ਦਾ ਹਵਾਲਾ ਹੈ? ਜਿਹੜੀਆਂ ਸਭ ਲੋਕਾਂ ਤੇ ਲਾਗੂ ਹੁੰਦੀਆਂ ਹਨ। ਅਸੀਂ ਸਭ ਨਰਮਾਈ ਅਤੇ ਦਇਆਪੂਰਣ ਵਿਹਾਰ ਚਾਹੁੰਦੇ ਹਾਂ, ਜਿਹੜਾ ਸਭਨਾਂ ਤੇ ਲਾਗੂ ਹੈ! ਸੋ ਸਾਨੂੰ ਦੂਜਿਆਂ ਨਾਲ ਉਵੇਂ ਹੀ ਵਰਤਾਓ ਕਰਨਾ ਚਾਹੀਦਾ ਹੈ। ਜੇ ਅਸੀਂ ਚਾਹੁੰਦੇ ਹਾਂ ਕਿ ਲੋਕ ਸਾਡੀ ਤਾਰੀਫ਼ ਕਰਨ, ਸੋ ਸਾਨੂੰ ਵੀ ਦੂਜਿਆਂ ਦੀ ਕਰਨੀ ਚਾਹੀਦੀ ਹੈ। ਜੇ ਅਸੀਂ ਚਾਹੁੰਦੇ ਹਾਂ ਕਿ ਲੋਕ ਸਾਡੀਆਂ ਚੰਗੀਆਂ ਗੱਲਾਂ ਨੂੰ ਜਾਣਨ, ਜੋ ਅਸੀਂ ਕਰਦੇ ਹਾਂ ਉਸ ਦੀ ਤਾਰੀਫ਼ ਹੋਵੇ, ਸੋ ਸਾਨੂੰ ਵੀ ਦੂਜਿਆਂ ਨਾਲ ਉਵੇਂ ਹੀ ਕਰਨਾ ਚਾਹੀਦਾ ਹੈ। ਇਸ ਸੂਚੀ ਨੂੰ ਵਧਾਇਆ ਜਾ ਸਕਦਾ ਹੈ: ਅਸੀਂ ਕੋਸ਼ਿਸ਼ ਕਰਦੇ ਹਾਂ ਕਿ ਲੋਕ ਸਾਨੂੰ ਸਮਝਣ, ਸਾਡੀਆਂ ਬੇਵਕੂਫ਼ੀਆਂ ਵੱਲ ਧਿਆਨ ਨਾ ਦੇਣ– ਸੋ ਅਸੀਂ ਵੀ ''ਦੂਜਿਆਂ ਨਾਲ ਉਵੇਂ ਹੀ ਕਰੀਏ'' ਜਿਵੇਂ ਅਸੀਂ ਚਾਹੁੰਦੇ ਹਾਂ

ਕਿ ਉਹ ਸਾਡੇ ਨਾਲ ਕਰਨ।

ਅਜਿਹੇ ਸੰਸਾਰ ਵਿਚ ਰਹਿਣਾ ਅਦਭੁਤ ਨਹੀਂ ਹੋਵੇਗਾ, ਜਿੱਥੇ ਹਰ ਕੋਈ ਇਕ ਦੂਜੇ ਨਾਲ ਉਵੇਂ ਹੀ ਕਰੇਗਾ? ਕੀ ਇਹ ਅਦਭੁਤ ਨਹੀਂ ਹੋਵੇਗਾ ਕਿ ਅਸੀਂ ਹਰ ਕਿਸੇ ਨਾਲ ਇਵੇਂ ਵਿਹਾਰ ਕਰੀਏ?

## ਸਾਰ

ਮੈਂ ਸੁਣਿਆ ਹੈ ਕਿ ਗਾਂਧੀ ਜੀ[26] ਸ਼ੁਰੂ ਵਿਚ ਮਸੀਹੀਅਤ ਵਿਚ ਖ਼ਾਸ ਕਰ ਪਹਾੜੀ ਉਪਦੇਸ਼ ਦੀਆਂ ਸਿੱਖਿਆਵਾਂ ਤੋਂ ਜਿਸ ਵਿਚ ਇਹ ਸੁਨਹਿਰੀ ਨਿਅਮ ਵੀ ਸ਼ਾਮਿਲ ਹੈ, ਪ੍ਰਭਾਵਿਤ ਹੋਏ ਸਨ। ਜਦ ਉਨ੍ਹਾਂ ਤੋਂ ਪੁੱਛਿਆ ਗਿਆ ਸੀ ਉਹ ਮਸੀਹੀ ਕਿਉਂ ਨਹੀਂ ਬਣੇ, ਤਾਂ ਉਨ੍ਹਾਂ ਦੁਖੀ ਹੋ ਕੇ ਜਵਾਬ ਪੇਸ਼ ਕੀਤਾ ਕਿ ਉਨ੍ਹਾਂ ਕਿਸੇ ਮਸੀਹੀ ਨੂੰ ਸਿਧਾਂਤਾਂ ਤੇ ਚੱਲਦੇ ਨਹੀਂ ਵੇਖਿਆ। ਕੀ ਮੈਂ ਉਨ੍ਹਾਂ ਸਿਧਾਂਤਾਂ ਤੇ ਚੱਲਦਾ ਹਾਂ, ਜਿਨ੍ਹਾਂ ਦਾ ਅਸੀਂ ਅਧਿਐਨ ਕੀਤਾ ਹੈ? ਕੀ ਤੁਸੀਂ ਚੱਲਦੇ ਹੋ?

ਮੱਤੀ 7: 1–12 ਦੇ ਬਾਅਦ ਇਹ ਪ੍ਰਸਿੱਧ ਸ਼ਬਦ ਮਿਲਦੇ ਹਨ:

> ਭੀੜੇ ਫਾਟਕ ਤੋਂ ਵੜੋ ਕਿਉਂ ਜੋ ਮੋਕਲਾ ਹੈ ਉਹ ਫਾਟਕ ਅਤੇ ਖੁੱਲ੍ਹਾ ਹੈ ਉਹ ਰਾਹ ਜਿਹੜਾ ਨਾਸ ਨੂੰ ਜਾਂਦਾ ਹੈ ਅਰ ਬਹੁਤੇ ਹਨ ਜਿਹੜੇ ਉਸ ਤੋਂ ਜਾਂਦੇ ਹਨ। ਅਤੇ ਭੀੜਾ ਹੈ ਉਹ ਫਾਟਕ ਅਤੇ ਸੌੜਾ ਹੈ ਉਹ ਰਾਹ ਜਿਹੜਾ ਜੀਉਣ ਨੂੰ ਜਾਂਦਾ ਹੈ ਅਤੇ ਜੋ ਉਸ ਨੂੰ ਲੱਭਦੇ ਹਨ ਸੋ ਵਿਰਲੇ ਹਨ (ਮੱਤੀ 7: 13, 14)।

ਇਹ ਸੁਝਾਅ ਦੇ ਕੇ ਕਿ ਉਹ ਫ਼ਾਟਕ ਏਨਾ ਤੰਗ ਹੈ ਕਿ ਉਸ ਵਿਚ ਸਿਰਫ਼ ਉਹੀ ਲੋਕ ਵੜਨਗੇ . . .

- ਜਿਹੜੇ ਦੋਸ਼ ਲਾਉਣ ਵਾਲੇ ਨਾ ਹੋਣ?
- ਜਿਹੜੇ ਪਹਿਲਾਂ ਆਪਣੀ ਜ਼ਿੰਦਗੀਂ ਵਿਚ ਤਬਦੀਲੀ ਲਿਆਉਣ ਦੀ ਲੋੜ ਸਮਝਣ?
- ਜਿਹੜੇ ਨਿਮਰਤਾ ਤੇ ਸੰਵੇਦਨਸ਼ੀਲਤਾ ਨਾਲ ਲੋਕਾਂ ਦੀ ਮਦਦ ਕਰਨ?
- ਜਿਨ੍ਹਾਂ ਨੇ ਭਿੰਨਤਾਵਾਂ ਤੇ ਔਕੜਾਂ ਦਾ ਸਾਹਮਣਾ ਕਰਨਾ ਸਿੱਖ ਲਿਆ ਹੈ?
- ਜਿਨ੍ਹਾਂ ਖ਼ੁਦਾ ਤੇ ਨਿਰਭਰ ਰਹਿਣ ਦਾ ਫ਼ੈਸਲਾ ਕਰ ਲਿਆ ਹੈ?
- ਜਿਨ੍ਹਾਂ ਦੀ ਜ਼ਿੰਦਗੀ ਸੁਨਹਿਰੀ ਨਿਅਮ ਦੇ ਮੁਤਾਬਕ ਹੈ?

ਹਾਂ ਮੈਂ ਜਾਣਦਾ ਹਾਂ ਕਿ ਮੱਤੀ 7: 13, 14 ਮਨੁੱਖੀ ਸਬੰਧਾਂ ਤੋਂ ਕਿਤੇ ਵੱਧ ਪ੍ਰਾਸੰਗਿਕ ਹੋਣਾ ਚਾਹੀਦਾ ਹੈ, ਪਰ ਇਸ ਆਇਤ ਵਿਚ ਮਨੁੱਖੀ ਸਬੰਧ ਵੀ ਸ਼ਾਮਿਲ ਹਨ। ਦੂਜਿਆਂ ਨਾਲ ਪਿਆਰ ਨਾਲ ਰਹਿਣਾ ਕਿੰਨਾ ਜ਼ਰੂਰੀ ਹੈ।

ਕੀ ਪਿਛੋਕੜ ਵਿਚ ਤੁਸੀਂ ਦੂਜਿਆਂ ਨਾਲ ਉਹੋ ਜਿਹਾ ਵਿਹਾਰ ਕਰਨ ਵਿਚ ਸਫ਼ਲ ਹੋਏ ਹੋ। ਜਿਹਾ ਤੁਹਾਨੂੰ ਕਰਨਾ ਚਾਹੀਦਾ ਹੈ? ਮੈਂ ਵੀ ਰਿਹਾ ਹਾਂ। ਕੀ ਇਹ ਅਹਿਸਾਸ ਕਰਨਾ ਅਦਭੁਤ ਨਹੀਂ ਹੈ, ਜੇ ਅਸੀਂ ਮਨ ਫਿਰਾ ਕੇ ਭਵਿੱਖ ਵਿਚ ਬੇਹਤਰ ਕਰਨ ਦਾ ਨਿਸਚਾ ਕਰ ਲਈਏ ਕਿ ਖ਼ੁਦਾ ਆਪਣੇ ਤਜਰਬਿਆਂ ਨਾਲ ਸਾਡੀਆਂ ਉਨ੍ਹਾਂ ਕਮੀਆਂ ਨੂੰ ਮਾਫ਼ ਕਰ ਦਵੇਗਾ?[27] ਇਸ ਸਰਮਨ ਦੀ ਮੁੱਖ ਗੱਲ ਇਹ ਹੈ ਕਿ ਸਾਨੂੰ ਪਹਿਲਾਂ ਆਪਣੀਆਂ ਜ਼ਿੰਦਗੀਆਂ ਵਿਚ ਬਦਲਾਅ ਦੀ ਲੋੜ ਹੈ ਤੇ ਧਿਆਨ ਦੇਣਾ ਚਾਹੀਦਾ ਹੈ। ਇਹ ਸਮਾਂ ਆਪਣੇ ਆਪ ਨੂੰ ਜਾਂਚਣ ਦਾ ਹੈ। ਅਗਰ ਤੁਹਾਡੀ ਜ਼ਿੰਦਗੀ ਪੁਕਾਰ ਪੁਕਾਰ ਕੇ ਆਖ ਰਹੀ ਹੈ ਕਿ ਤੁਸੀਂ ਆਪਣੇ ਅੰਦਰ ਤਬਦੀਲੀ ਲਿਆਓ, ਤਾਂ ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ, ਕਿਰਪਾ ਕਰਕੇ ਸਾਨੂੰ ਜ਼ਰੂਰ ਦੱਸੋ।[28]

ਟਿੱਪਣੀਆਂ

[1]ਇਕ ਪੁਰਾਣੇ ਅੰਗ੍ਰੇਜ਼ੀ ਸ਼ਬਦ ਵਿੱਚੋਂ ਜਿਸ ਦਾ ਅਰਥ ''ਕੋਈ ਬਹੁਤ ਛੋਟੀ ਚੀਜ਼'' ਹੈ, KJV ਵਿਚ ''mote'' ਹੈ। [2]ਕੁਝ ਲੋਕਾਂ ਦਾ ਮੰਨਣਾ ਹੈ ਕਿ ਇਹ ਮਕਾਨ ਖੜਾ ਕਰਨ ਲਈ ਲਾਈ ਜਾਣ ਵਾਲੀ ਲੱਕੜੀ ਜਾਂ ਛੱਤ ਵਿਚ ਪਾਈ ਜਾਣ ਵਾਲੀ ਸ਼ਤੀਰੀ ਸੀ। ਜੋ ਵੀ ਹੋਵੇ, ਇਹ ਲੱਕੜੀ ਦਾ ਇਕ ਵੱਡਾ ਟੁਕੜਾ ਸੀ। [3]ਇਕ ਹੋਰ ਉਦਾਹਰਨ ਲਈ ਵੇਖੋ ਮੱਤੀ 23:24. [4]ਵਾਜਬ ਹੋਵੇ ਤਾਂ ਤੁਸੀਂ ਆਖ ਸਕਦੇ ਹੋ, ''ਇਹ ਐਬੱਟ ਐਂਡ ਕੌਸੇੱਟੋ, ਜਾਂ ਥ੍ਰੀ ਸਟੂਜਸ ਫ਼ਿਲਮ ਦਾ ਸੀਨ ਹੋ ਸਕਦਾ ਹੈ।'' [5]ਸ਼ਤੀਰ ਪਏ ਅੱਖ ਵਾਲੇ ਬੰਦੇ ਵੱਲੋਂ ਕੱਖ ਪਏ ਅੱਖ ਵਾਲੇ ਬੰਦੇ ਦੀ ਮਦਦ ਦੀ ਪੇਸ਼ਕਸ਼ ਕਰਨਾ ਮੇਰੇ ਵੱਲੋਂ ਕਿਸੇ ਨੌਜਵਾਨ ਦੀ ਮਦਦ ਕਰਨ ਵਾਂਗ ਹੈ। (ਮੇਰਾ ''ਮੱਥਾ ਗੰਜਾ'' ਹੈ [ਲੇਵੀਆਂ 13:41])। [6]ਭਾਵ ਉਹ ਉਸ ਨੂੰ ਮਾਰਨ ਨੂੰ ਤਿਆਰ ਹੋ ਗਿਆ। [7]KJV ਵਿਚ ''ਵੇਖੋ'' ਹੈ। [8]ਮੱਤੀ 7:3 ਵਿਚ ਯੂਨਾਨੀ ਸ਼ਬਦ ***blepo*** ''ਵੇਖਣਾ'' ਲਈ ਆਮ ਸ਼ਬਦ ਨਾਲੋਂ ''ਵੱਡੀ ਸਪੱਸ਼ਟਤਾ ਦਾ ਸੰਕੇਤ'' ਹੈ ਅਤੇ ''ਵਧੇਰੇ ਅਰਥ ਭਰਿਆ, ਡੂੰਘੇ ਚਿੰਤਨ'' ਨੂੰ ਵਿਖਾਉਂਦਾ ਹੈ (ਡਬਲਯੂ. ਈ. ਵਾਈਨ, *ਦ ਐਕਸਪੈਂਡਡ ਵਾਈਨ'ਸ ਐਕਪੋਜ਼ਿਟਰੀ ਡਿਕਸ਼ਨਰੀ ਆਫ਼ ਨਿਊ ਟੈਸਟਾਮੈਂਟ ਵਰਡਜ਼,* ਸੰਪਾ. ਜੌਨ ਆਰ. ਕੋਹਲੇਂਬਰਗਰ III ਵਿਦ ਜੇਮਸ ਏ. ਸਵੈਨਸ [ਮਿਨਿਆਪੁਲਿਸ: ਬੈਥਨੀ ਹਾਊਸ ਪਬਲਿਸ਼ਰਜ਼, 1984], 106)। [9]ਮੇਰੇ ਸੁਣਨ ਵਾਲਿਆਂ ਲਈ ਟੈਲੀਫ਼ੋਨ ਦਾ ਖੰਭਾ ''ਸ਼ਤੀਰ'' ਜਾਂ ''ਲੱਠ'' ਵਾਂਗ ਹੀ ਹੈ। ਤੁਸੀਂ ਅਜਿਹੇ ਸ਼ਬਦ ਦੀ ਵਰਤੋਂ ਕਰੋ, ਜਿਸ ਤੋਂ ਤੁਹਾਡੇ ਸੁਣਨ ਵਾਲੇ ਵਾਕਫ਼ ਹੋਣ। [10]ਜੇ. ਬੀ. ਫਿਲਿੱਪਸ, *ਦ ਨਿਊ ਟੈਸਟਾਮੈਂਟ ਇਨ ਮਾਡਰਨ ਇੰਗਲਿਸ਼* (ਨਿਊ ਯਾਰਕ: ਮੈਕਮਿਲਨ ਕੰ., 1958), 344.

[11]ਪ੍ਰੇਮ ਦੀ ਇਕ ਅਨੋਖੀ ਪਰਿਭਾਸ਼ਾ ਦਾ ਸੰਕੇਤ ਮਿਲਦਾ ਹੈ: ''ਪ੍ਰੇਮ ਆਪਣੇ ਪ੍ਰੇਮੀ ਦਾ ਭਲਾ ਚਾਹੁੰਦਾ ਹੈ।'' ਸੱਚਾ ਪ੍ਰੇਮ ਪ੍ਰੇਮੀ ਦੀ ਜ਼ਿੰਦਗੀ ਵਿਚ ਪਾਪ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦਾ, ਖਾਸ ਕਰ ਉਸ ਪਾਪ ਨੂੰ ਜਿਹੜਾ ਉਹਦੀ ਜਾਨ ਦਾ ਨੁਕਸਾਨ ਕਰ ਸਕਦਾ ਹੈ, ਮੱਤੀ 18:15 ਵੀ ਵੇਖੋ। [12]ਮੱਤੀ 5:23, 24 ਵਿਚ ਇਕ ਸਮਾਨਤਾ ਵਿਖਾਈ ਜਾ ਸਕਦੀ ਹੈ, ਜਿੱਥੇ ਯਿਸੂ ਨੇ ਆਖਿਆ, ''... *ਪਹਿਲਾਂ* ਆਪਣੇ ਭਾਈ ਨਾਲ ਮੇਲ ਮਿਲਾਪ ਕਰ; *ਤਾਂ* ਆ ਕੇ ਆਪਣੀ ਭੇਂਟ ਚੜ੍ਹਾ।'' ਮਸੀਹ ਦਾ ਇਰਾਦਾ ਭੇਂਟ ਲਿਆਉਣ ਵਾਲਿਆਂ ਨੂੰ ਬੇਦਿਲ ਕਰਨਾ ਨਹੀਂ ਸੀ; ਸਗੋਂ ਉਹ ਤਾਂ ਇਸ ਗੱਲ ਤੇ ਜ਼ੋਰ ਦੇ ਰਿਹਾ ਸੀ ਕਿ ਭੇਂਟ ਚੜ੍ਹਾਉਣ ਤੋਂ *ਪਹਿਲਾਂ* ਕੀ ਜ਼ਰੂਰੀ ਹੈ। [13]ਅਗਰ ਤੁਸੀਂ ਕਿਸੇ ਨੂੰ ਆਪਣੇ ਅੱਖ ਦਾ ਸ਼ਤੀਰ ਕੱਢਣ ਲਈ ਕਹੋ ਅਤੇ ਉਹ ਤੁਹਾਡੇ ਵੱਲ ਚਾਕੂ ਲੈ ਕੇ ਆ ਜਾਵੇ, ਤਾਂ ਤੁਹਾਡੀ ਪ੍ਰਤੀਕਿਰਿਆ ਕੀ ਹੋਵੇਗੀ? [14]ਸੂਰ ਨੂੰ ਉਚੇਚੇ ਤੌਰ ਤੇ ''ਅਸ਼ੁੱਧ'' (ਲੇਵੀਆਂ 11:7) ਜਾਨਵਰ ਮੰਨਿਆ ਜਾਂਦਾ ਸੀ; ਕੁੱਤਾ ''ਅਸ਼ੁੱਧ'' ਸੀ, ਕਿਉਂਕਿ ਇਸ ਦੇ ਖੁਰ ਪਾਟੇ ਨਹੀਂ ਹੁੰਦੇ ਸਨ ਅਤੇ ਨਾ ਇਹ ਜੁਗਾਲੀ ਕਰਦਾ ਹੈ (ਆਇਤ 3, 4)। [15]ਅਸੀਂ ਇੱਥੇ ਪੁਰਾਣੇ ਸਮੇਂ ਦੇ ਪ੍ਰਸਿੱਧ ''ਰੇਜ਼ਰਬੈਕ'' ਦੀ ਗੱਲ ਕਰ ਸਕਦੇ ਹਾਂ। ਦੂਜੀਆਂ ਥਾਂਵਾਂ ਤੇ ਇਸ ਨੂੰ ਜੰਗਲੀ ਸੂਰ, ਮੋਟੀ ਚਮੜੀ ਆਦਿ ਆਖਿਆ ਜਾ ਸਕਦਾ ਹੈ। [16]ਇੱਥੇ ਇਹ ਸੰਕੇਤ ਦੇਣ ਦਾ ਕਿ ''ਮੇਰਾ ਜਦ ਤੁਹਾਡੇ ਨਾਲ ਕੋਈ ਸਬੰਧ ਨਹੀਂ'' ਸੰਕੇਤਕ ਢੰਗ ਸੀ। [17]ਯਿਸੂ ਖ਼ੁਦ ਸੂਰਾਂ ਅੱਗੇ ਮੋਤੀ ਸੁੱਟਣੋ ਪਰਹੇਜ਼ ਕਰਦਾ ਸੀ: ਕਈ ਵਾਰ ਉਸ ਨੇ ਫ਼ਰੀਸੀਆਂ ਨੂੰ ਜਵਾਬ ਨਹੀਂ ਦਿੱਤਾ (ਮੱਤੀ 15:2, 3; 21:23–27। ਉਸ ਨੇ ਹੇਰੋਦੇਸ ਨਾਲ ਗੱਲ ਨਹੀਂ ਕੀਤੀ (ਲੂਕਾ 23:9)। [18]ਅਫ਼ਸੀਆਂ 5:16. [19]ਇਸ ਸਰਮਨ ਵਿੱਚੋਂ ਸੁਣਾਉਂਦੇ ਹੋਏ, ਮੈਂ ਨਿੱਜੀ ਉਦਾਹਰਣ ਦੀ ਵਰਤੋਂ ਕੀਤੀ: ਜਦੋਂ ਅਸੀਂ ਜਪਾਨ ਗਏ ਸਾਂ, ਤਾਂ ਮੈਂ ਉਨ੍ਹਾਂ ਲੋਕਾਂ ਨਾਲ ਜਿਨ੍ਹਾਂ ਨੂੰ ਅੰਗ੍ਰੇਜ਼ੀ ਬੋਲਣੀ ਨਹੀਂ ਆਉਂਦੀ ਸੀ, ਗੱਲ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਜਦ ਮੈਨੂੰ ਪਤਾ ਚੱਲਿਆ ਕਿ ਕਿਸੇ ਨੂੰ ਪਤਾ ਨਹੀਂ ਹੈ ਕਿ ਮੈਂ ਕੀ ਕਰ ਰਿਹਾ ਹਾਂ, ਤਾਂ ਮੈਂ ਅਗਲੇ ਬੰਦੇ ਕੋਲ ਚਲਿਆ ਗਿਆ।'' ਤੁਹਾਡਾ ਵੀ ਕੋਈ ਅਜਿਹਾ ਹੀ ਅਨੁਭਵ ਹੋ ਸਕਦਾ ਹੈ, ਜਿਸ ਨੂੰ ਤੁਸੀਂ ਕਹਿ ਸਕਦੇ ਹੋ। [20]ਕੁਝ ਲੋਕ ਹੋਣਗੇ ਜਿਹੜੇ ਇਸ ਨੂੰ ਪਸੰਦ ਨਹੀਂ ਕਰਦੇ; ਉਹ ਦੂਜਿਆਂ ਦੀਆਂ ਭਾਵਨਾਵਾਂ ਤੇ ਵਿਚਾਰ ਕਰਨ ਨੂੰ ਕਮਜ਼ੋਰੀ ਮੰਨਦੇ ਹਨ।

[21]ਨਕਾਰਾਤਮਕ ਇਜ਼ਹਾਰ ਦੇ ਅਧਾਰ ਤੇ, ਮੱਤੀ 25 ਵਿਚ ਸਰਾਪੀ ''ਬੱਕਰੀਆਂ'' ਬਚਾਈਆਂ ਜਾ ਸਕਦੀਆਂ ਸਨ, ਜ਼ਰੂਰੀ ਨਹੀਂ ਕਿ ਉਨ੍ਹਾਂ ਕੋਈ ਬੁਰਾਈ ਕੀਤੀ ਹੋਵੇ, ਪਰ ਉਨ੍ਹਾਂ ਭਲਾਈ ਨੂੰ ਨਜ਼ਰਅੰਦਾਜ਼ ਕੀਤਾ

ਸੀ (ਵੇਖੋ ਆਇਤ 31, 32, 41, 42)।[22]ਫ਼ਿਲਿਪਸ, 14. [23]ਜੇ. ਡਬਲਯੂ. ਮੈਕਗਰਵੇ ਐਂਡ ਫਿਲਿੱਪ ਵਾਈ. ਪੈਂਡਲਟਨ, ਦ ਫੋਰਫੋਲਡ ਗੌਸਪਲ ਆਰ ਏ ਹਾਰਮਨੀ ਆਫ਼ ਦ ਫੋਰ ਗੌਸਪਲਜ਼ (ਸਿੰਸਿਨਾਟੀ: ਸਟੈਂਡਰਡ ਪਬਲਿਸ਼ਿੰਗ ਕੰ., 1914), 265 ਵਿੱਚੋਂ ਲਿਆ ਗਿਆ।[24]''ਦਾਰੂ'' ਸ਼ਰਾਬ ਲਈ ਬਦਲਵਾਂ ਸ਼ਬਦ ਹੈ।[25]ਕਲੇਜੀ (ਬੱਕਰੇ ਦੀ ਹੋਵੇ ਜਾਂ ਸੂਰ ਦੀ) ਚੰਗੀ ਤਰ੍ਹਾਂ ਪਿਆਜ ਨਾਲ ਭੁੰਨ ਕੇ ਖਾਣਾ ਅਮਰੀਕੀਆਂ ਦਾ ਪਸੰਦੀਦਾ ਖਾਣਾ ਹੈ। ਮਹਿਕ ਭਰਿਆ ਇਹ ਮੇਲ ਕਿਸੇ ਨੂੰ ਪਸੰਦ ਹੁੰਦਾ ਹੈ ਕਿਸੇ ਨੂੰ ਨਹੀਂ।[26]ਮਹਾਤਮਾ ਗਾਂਧੀ (1869–1948), ਭਾਰਤ ਦੀ ਅਜ਼ਾਦੀ ਦੀ ਲਹਿਰ ਦਾ ਇਕ ਆਗੂ। ਵੀਹਵੀਂ ਸਦੀ ਦੇ ਬੇਹੱਦ ਪ੍ਰਭਾਵਸ਼ਾਲੀ ਆਗੂਆਂ ਵਿੱਚੋਂ ਇਕ।[27]ਭਵਿੱਖ ਵਿਚ ਬੇਹਤਰ ਕਰਨ ਦਾ ਫ਼ੈਸਲਾ ਸੱਚੀ ਤੌਬਾ ਦਾ ਹਿੱਸਾ ਹੈ।[28]ਜਦ ਤੁਸੀਂ ਇਸ ਸਰਮਨ ਵਿੱਚੋਂ ਸੁਣਾਓ ਤਾਂ ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਬਾਹਰੀ ਪਾਪੀਆਂ ਨੂੰ ਜਿਹੜੇ ਕਦੇ ਮਸੀਹ ਕੋਲ ਨਹੀਂ ਆਏ ਦੱਸ ਦਿਓ ਕਿ ਬਚਾਏ ਕਿਵੇਂ ਜਾਣਾ ਹੈ (ਯੂਹੰਨਾ 3:16; ਮਰਕੁਸ 16:16) ਅਤੇ ਭਟਕੇ ਹੋਏ ਮਸੀਹੀ ਕਿਵੇਂ ਵਾਪਸ ਆ ਸਕਦੇ ਹਨ (ਰਸੂਲਾਂ ਦੇ ਕੰਮ 8:22; ਯਾਕੂਬ 5:16), ਆਖ਼ਰ ਰੂਹਾਨੀ ਬਦਲਾਅ ਨਾਲੋਂ ਵੱਡੇ ਬਦਲਾਅ ਦੀ ਲੋੜ ਕੀ ਹੋ ਸਕਦੀ ਹੈ।